
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਬੇਰ ਸਾਹਿਬ, ਸੁਲਤਾਨਪੁਰ ਲੋਧੀ

ਮਈ ੧੯੭੬



Ma[illegible] 1976

ਬਾਬਾ ਪੈਧਾ ਸਚਖੰਡਿ, ਨਉਨਿਧਿ ਨਾਮੁ ਗਰੀਬੀ ਪਾਈ ॥

ਇਥੇ ਵੇਈਂ ਨਦੀ ਦੇ ਕੰਢੇ ਨਿਰੰਕਾਰੀ ਬਾਬਾ ਜੀ ਨਿਤ ਅੰਮ੍ਰਿਤ ਵੇਲੇ ਨਿਰੰਕਾਰ ਨਾਲ ਇਕ-ਸੁਰ ਹੁੰਦੇ ਰਹੇ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਯਕ ਨਿਗਾਇ ਰੂਏ ਤੋ (ਫ਼ਾਰਸੀ ਗ਼ਜ਼ਲ) | ਭਾਈ ਨੰਦ ਲਾਲ ਜੀ | ੧ |
| ਗੁਰਮਤਿ ਰਮਜ਼ਾਂ (ਨੰਬਰ ੨੫ ਤੋਂ ੨੯) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਤੇਰੇ ਦਰਸ਼ਨ ਦੀ ਇਕ ਝਲਕੀ (ਪੰਜਾਬੀ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੫ |
| ਜਮ ਤੇ ਜਮਪੁਰੀ (੧) | ਭਾਈ ਸਾਹਿਬ ਰਣਧੀਰ ਸਿੰਘ ਜੀ | ੬ |
| ਦੀਵਾ ਬਲੈ ਅੰਧੇਰਾ ਜਾਇ | ਸਾਰੰਗ ਜੀ, ਕਪੂਰਥਲਾ | ੧੪ |
| ਸੁਖ-ਦੁਖ | ਭਾਈ ਸਾਹਿਬ ਜੋਗਿੰਦਰ ਸਿੰਘ ਜੀ | ੧੭ |
| ਤਿਆਗ ਮਲ ਜੀ ਦੇ ਤਿਆਗ ਦੀ ਗੱਲ | ਗਿਆਨੀ ਦੀਦਾਰ ਸਿੰਘ ਜੀ | ੨੧ |
| ਜਗਦੇ ਦੀਵੇ ਤੋਂ ਦੀਵਾ | ਪ੍ਰੋਫੈਸਰ ਸਾਹਿਬ ਸਿੰਘ ਜੀ | ੨੩ |
| ਜੋਤਿ ਦੀਪਕੀ ਪਤੰਗੇ ਡਾ: ਗੁਰਦੀਪ ਸਿੰਘ ਜੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੩੦ |
| ਡਾ: ਗੁਰਦੀਪ ਸਿੰਘ ਜੀ ਦੇ ਅੰਤਮ ਸਮਾਚਾਰ | ਡਾ: ਦਲੀਪ ਸਿੰਘ ਜੀ ਕਲਕੱਤਾ | ੩੫ |
| ਪਰਮਾਰਥਕ ਰੰਗਾਂ ਦੀ ਇਕ ਕਵਿਤਾ | ਡਾ: ਗੁਰਦੀਪ ਸਿੰਘ ਜੀ | ੩੭ |
| ਮਾਈ ਲੱਖੋ | ਸ: ਵਰਿਆਮ ਸਿੰਘ ਜੀ ਦਿਲੀ | ੩੮ |


**ਗੁਰੂ ਅਮਰਦਾਸ ਜੀ ਅਵਤਾਰ ਧਾਰਿਆ ੧੨ ਮਈ ਗੁਰੂ ਹਰਿ ਗੋਬਿੰਦ ਸਾਹਿਬ ਗੁਰਿਆਈ ਮਿਲੀ ੨੧ ਮਈ**

## ਕੁਮਾਰ ਹੱਟੀ (ਸ਼ਿਮਲਾ) ਲਈ ਇਕ ਗੁਰਮੁਖ ਸੇਵਾਦਾਰ ਦੀ ਲੋੜ

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਤਪ-ਸਥਾਨ ਕੁਮਾਰਹੱਟੀ ਕਾਲਕਾ ਤੋਂ ਸ਼ਿਮਲੇ ਜਾਂਦਿਆਂ ਤੀਜਾ ਸਟੇਸ਼ਨ ਹੈ। ਮਾਨਯੋਗ ਬਾਬੂ ਮਲ ਸਿੰਘ ਜੀ ਅਤੇ ਹੋਰ ਪੁਰਾਤਨ ਸਿੰਘ ਇਥੇ ਕਾਫ਼ੀ ਸਮਾਂ ਠਹਿਰ ਕੇ ਭਜਨ ਬੰਦਗੀ ਵਿਚ ਜੁੜਦੇ ਰਹੇ ਹਨ ਅਤੇ ਕਈ ਅਜਬ ਖੇਡਾਂ ਵਰਤੀਆਂ ਰਹੀਆਂ ਹਨ। ਇਸ ਅਸਥਾਨ ਦੀ ਸੇਵਾ-ਸੰਭਾਲ ਲਈ ਕਿਸੇ ਗੁਰਮੁਖ ਵੀਰ ਦੀ ਲੋੜ ਹੈ। ਉਸ ਦੇ ਖ਼ਰਚ ਪਰਚ ਆਦਿ ਲਈ ਯੋਗ ਪਰਬੰਧ ਹੋਵੇਗਾ। ਕੋਈ ਰੀਟਾਇਰ ਵੀਰ ਜੇ ਇਕਾਂਤ ਵਿਚ ਪ੍ਰਭੂ-ਚਰਨਾਂ ਵਿਚ ਜੁੜਨ ਲਈ ਆਪਣਾ ਜੀਵਨ ਬਿਤਾਣਾ ਚਾਹਵੇ ਤਾਂ ਸਿੰਘਣੀ ਸਮੇਤ ਜਾਂ ਇਕੱਲਿਆਂ ਬਹੁਤ ਅਨੰਦ ਵਿਚ ਇਸ ਤਪ-ਸਥਾਨ ਤੇ ਸਮਾਂ ਬੀਤਾਇਆ ਜਾ ਸਕਦਾ ਹੈ ਅਤੇ ਆਪਣੇ ਅਮੋਲਕ ਸਵਾਸ ਲੇਖੇ ਲਾਏ ਜਾ ਸਕਦੇ ਹਨ। ਇਸ ਸੰਬੰਧ ਵਿਚ ਹੇਠ ਲਿਖੇ ਪਤੇ ਤੇ ਚਿਠੀ ਪੱਤਰ ਕੀਤਾ ਜਾਵੇ—

ਮ/ਤ ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

**ਸਿੰਘਾਂ ਦਾ ਪੰਥ ਨਿਰਾਲਾ ਪ੍ਰਚਾਰ ਹਿਤ ਵੰਡਣ ਲਈ ਕੇਵਲ ਪੰਜ਼ੀ ਰੁਪਏ ਸੈਂਕੜਾ**

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੫.੭੬ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੮—੮੦
ਪਰਦੇਸ ੧੮—੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦—੭੫



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਮਈ ੧੯੭੬ ਅੰਕ ੫


## ਯਕ ਨਿਗਾਇ ਰੂਏ ਤੋ

ਦਿਲ ਅਗਰ ਦਰ ਹਲਕਾ-ਇ ਜ਼ੁਲਫ਼ਿ ਦੋਤਾ, ਖ਼ਾਹਦ ਗੁਜ਼ੱਸ਼ਤ।
ਅਜ਼ ਖ਼ੁਤਨ ਵਰ ਚੀਨ ਓ ਮਾਚੀਨ ਓ ਖ਼ਤਾ, ਖ਼ਾਹਦ ਗੁਜ਼ੱਸਤ ॥੧॥
ਬਾਦਸ਼ਾਹੀਏ ਦੋ ਆਲਮ, ਯਕ ਨਿਗਾਹਿ ਰੂਏ ਤੋ।
ਸਾਇਆ-ਇ ਜ਼ੁਲਫ਼ਿ ਤੋ, ਅਜ਼ ਬਾਲਿ ਹੁਮਾ, ਖ਼ਾਹਦ ਗੁਜ਼ੱਸ਼ਤ ॥੨॥
ਈਂ ਬਸਾਤਿ ਉਮਰ ਰਾ ਦਰਯਾਬ, ਕੀਂ ਬਾਦਿ ਸਬਾ।
ਅਜ਼ ਕੁਜਾ ਆਮਦ ਨ-ਦਾਨਮ ਵ ਜ਼ ਕੁਜਾ ਖ਼ਾਹਦ ਗੁਜ਼ੱਸਤ ॥੩॥
ਬਾਦਸ਼ਾਹੀਏ ਦੋ ਜਹਾਂ, ਜੁਜ਼ ਸ਼ੋਰੋ ਗ਼ੋਗਾ ਬੇਸ਼ ਨੇਸਤ।
ਪੇਸ਼ਿ ਦਰਵੇਸ਼ੇ ਕਿ ਊ, ਅਜ਼ ਮੁਦਆ ਖ਼ਾਹਦ ਗੁਜ਼ੱਸਤ ॥੪॥
ਅਜ਼ ਗੁਜ਼ੱਸ਼ਤਨ-ਹਾ ਚਿ: ਮੇ ਪੁਰਸੀ ਦਰੀਂ ਦਹਰਿ ਖ਼ਰਾਬ।
ਬਾਦਸ਼ਾਹ ਖ਼ਾਹਦ ਗੁਜ਼ੱਸ਼ਤੋ, ਹਮ ਗਦਾ ਖ਼ਾਹਦ ਗੁਜ਼ੱਸਤ ॥੫॥
ਸ਼ਿਅਰਿ 'ਗੋਯਾ', ਜ਼ਿੰਦਗੀ ਬਖ਼ਸ਼ ਅਸਤ ਚੂੰ ਆਬਿ ਹਯਾਤ।
ਬਲਕਿ ਅਜ਼ ਪਾਕੀਜ਼ਗੀ ਜ਼ਿ ਆਬਿ ਬਕਾ ਖ਼ਾਹਦ ਗੁਜ਼ੱਸ਼ਤ ॥੬॥

ਪੰਜਾਬੀ ਉਲਥਾ ਵੇਖੋ ਸਫ਼ਾ ੫ ਤੇ] [ਭਾਈ ਨੰਦ ਲਾਲ ਜੀ, ਗ਼ਜ਼ਲ ੧੧


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ।


www.AKJ.Org

# ਗੁਰਮਤਿ-ਰਮਜ਼ਾਂ

[ਵਲੋਂ :–ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

(੨੫) **ਸਚੇ ਅਨੰਦ ਦੀ ਅਵਸਥਾ** : ਆਨੰਦ, ਸਦਾ ਆਨੰਦ, ਸਦਾ ਅਸਥਿਰ ਰਹਿਣ ਵਾਲੇ ਆਨੰਦ ਦੀ ਪ੍ਰਾਪਤੀ ਭੀ ਗੁਰਮਤਿ-ਨਾਮ ਜਪਣ ਕਰਿ ਹੀ ਹੁੰਦੀ ਹੈ। ਨਹੀਂ ਤਾਂ "ਆਨੰਦੁ ਆਨੰਦੁ ਸਭੁ ਕੋ ਕਹੈ।" ਹਰ ਕੋਈ ਕਹਿੰਦਾ ਫਿਰਦਾ ਹੈ ਬਈ ਬੜਾ ਆਨੰਦ ਆਇਆ। ਸੰਸਾਰੀ ਸੁਆਦਾਂ ਵਿਸ਼ਿਆਂ ਦਾ ਨਾਉਂ ਭੀ ਏਹਨਾਂ ਆਨੰਦ ਧਰ ਲਿਆ ਹੈ। ਸੰਸਾਰੀਆਂ ਅੰਦਰ ਅਨੰਦ ਇਕ ਆਮ ਪਰਚਲਤ ਕਹਾਵਤ ਹੋ ਗਈ ਹੈ। ਕਿਉਂ ਜੀ, ਕੈਸੇ ਹੋ ? ਤਕੜੇ ਹੋ ? ਹਾਂ ਜੀ, ਬੜੇ ਆਨੰਦ। ਕਹਿਣ ਮਾਤਰ ਤਾਂ ਇਉਂ ਬਥੇਰੇ ਅਨੰਦ ਅਨੰਦ ਕਹਿੰਦੇ ਫਿਰਦੇ ਹਨ।

ਅਸਲ ਅਨੰਦ ਦਾ ਘਰ ਬੜਾ ਦੂਰ ਹੈ। ਅਨੰਦ ਦੀ ਬਿਵਸਥਾ ਬੜੀ ਉਚੀ ਹੈ। ਇਹ ਗੱਲੀਂ ਬਾਤੀਂ ਨਹੀਂ ਜਾਣੀ-ਜਾਚੀ ਜਾ ਸਕਦੀ। "ਆਨੰਦ ਗੁਰੂ ਤੇ ਜਾਣਿਆ" ਗੁਰਵਾਕ ਦੇ ਭਾਵ ਅਨੁਸਾਰ ਆਨੰਦ ਦਾ ਤੱਤ ਅਨੰਦ, ਅਸਲ ਅਨੰਦ-ਮਈ ਸਰੂਪ ਕੇਵਲ ਗੁਰੂ ਦੁਆਰਾ ਹੀ ਜਾਣਿਆ ਜਾ ਸਕਦਾ ਹੈ। ਨਿਗੁਰੇ-ਪੁਣੇ ਚੋਂ ਨਿਕਲ ਕੇ ਅਤੇ ਸਗੁਰੇ, ਸਨਮੁਖ, ਗੁਰਮੁਖ ਸਿਖ ਸਜ ਕੇ, ਗੁਰੂ ਦੁਆਰਾ ਨਾਮ ਪ੍ਰਾਪਤ ਕਰ ਕੇ ਅਤੇ ਅਨਦਿਨ ਨਾਮ ਜਪ ਕੇ, ਨਾਮ ਦੀਆਂ ਅਭਿਆਸ-ਕਮਾਈਆਂ ਕਰਕੇ ਹੀ ਪਾਇਆ ਜਾ ਸਕਦਾ ਹੈ। ਨਾਮ-ਅਭਿਆਸੀ ਨੂੰ ਤਾਂ ਸਦਾ ਅਨੰਦ-ਖਿੜਾਉ, ਖਿਨ ਖਿਨ ਆਨੰਦ-ਮਗਨਤਾ ਰਹਿੰਦੀ ਹੈ। ਇਸ ਅਨੰਦ-ਮਗਨਤਾ ਦੀ ਅਹਿਲਾਦ-ਮੰਜ਼ਲ ਵਿਖੇ ਪਹੁੰਚ ਕੇ ਭੀ ਨਾਮ-ਅਭਿਆਸ ਜਾਰੀ ਹੀ ਰਹਿੰਦਾ ਹੈ, ਪ੍ਰਾਪਤ ਹੋਏ ਆਨੰਦ ਅਹਿਲਾਦ ਦਾ ਸੁਆਦ ਨਾਮ ਦਾ ਖੰਡਾ ਦਹਿਗੁਣਾ ਖੜਕਾਉਂਦਾ ਹੈ। ਏਥੇ ਪੁਜ ਕੇ ਨਾਮ ਨਾ ਸਿਰਫ਼ ਰਸਨਾ ਦੁਆਰਾ ਹੀ, ਬਲਕਿ ਰੋਮ ਰੋਮ ਦੁਆਰਾ ਉਚਾਰਨ ਹੁੰਦਾ ਹੈ, ਮਾਨੋ ਇਕ ਇਕ ਰੋਮ ਨੂੰ ਲੱਖ ਲੱਖ ਜਿਹਬਾ ਲਗ ਜਾਂਦੀਆਂ ਹਨ ਅਤੇ ਇਕ ਇਕ ਲੱਖ ਜਿਹਬੀ-ਰੋਮ ਦੁਆਰਾ ਲਖ ਲਖ ਗੇੜਾ ਨਾਮ ਦਾ ਜਾਪ ਹੋਈ ਜਾਣਾ ਇਕ ਸਹਿਜ-ਅਨੰਦੀ ਖੇਡ ਹੋ ਜਾਂਦੀ ਹੈ ਅਤੇ ਲਿਵਤਾਰ ਲਗ ਜਾਂਦੀ ਹੈ, ਤਾਂ ਹੀ ਤਾਂ ਅਗਲੇਰੀ ਤੁਕ ਵਿਚ ਵਰਨਣ ਹੈ ਕਿ :

ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥

[ਵਾਰ ਗੂਜਰੀ, ਮ: ੩, ਪੰਨਾ ੫੧੪

(੨੬) **ਨਾਮ ਦਾ ਮਖ਼ੌਲ ਉਡਾਣ ਵਾਲੇ, ਨਿਗੁਰੇ ਅੰਧ ਅਗਿਆਨੀ** : ਪ੍ਰੀਤਮ-ਨਾਮ ਨਾਲ ਲਿਵ ਲਗਣ ਦਾ ਜ਼ਰੀਆ (ਵਸੀਲਾ) ਕੇਵਲ ਨਾਮ ਜਪਣਾ, ਰਸਨਾ ਦੁਆਰਾ ਗੁਰਮੰਤਰ ਦਾ ਜਾਪ ਕਰਨਾ ਹੈ। ਜਿਸ ਰਸਨਾ ਕਰਿ ਨਾਮ ਜਪਣ ਨੂੰ ਗੁਰਬਾਣੀ "ਹਰਿ ਸਿਉ ਲਿਵ ਲਾਇ" ਦਾ ਵਸੀਲਾ ਉਚਾਰਦੀ ਹੈ ਉਸ ਨਾਮ ਜਪਣ ਨੂੰ ਫ਼ਾਲਤੂ ਖਿਆਲ ਹੀ ਸਮਝਣਾ ਅਤੇ ਬਕਰੀ ਵਾਂਗੂੰ ਮੂੰਹ ਮਾਰਨ ਦੀ ਤੁਲਤਾ ਦੇਣੀ ਨਿਰੀ ਮਹਾਂ ਮੂਰਖਤਾ ਹੈ ਅਤੇ ਅਗਿਆਨ ਭਰੀ ਹਮਾਕਤ ਹੈ। ਮਹਾਂ ਮੂੜ ਅਗਿਆਨੀ ਗੁਰਬਾਣੀ ਦੇ ਐਨ ਉਲਟ ਪਰਚਾਰ ਕਰ ਰਹੇ ਹਨ। ਗੁਰਬਾਣੀ ਤਾਂ ਏਸੇ ਗੱਲ ਤੇ ਜ਼ੋਰ ਦਿੰਦੀ ਹੈ ਕਿ ਨਾਮ ਜਪੋ, ਨਾਮ ਜਪੋ। ਅਤੇ ਇਹ ਹਮਾਕਤੀ ਪੁਰਸ਼ ਸਿਖ ਸਦਾ ਕੇ ਅਤੇ ਗੁਰਬਾਣੀ ਦੇ ਉਪਦੇਸ਼ਕ ਹੋ ਕੇ ਭੀ ਉਲਟਾ ਪਰਚਾਰ ਕਰਦੇ ਹਨ ਕਿ ਨਾਮ ਜਪਣਾ ਫ਼ਜ਼ੂਲ ਹੈ, ਫ਼ਾਲਤੂ ਬਕਰੀ ਵਾਂਗੂੰ ਮੂੰਹ ਮਾਰਨਾ ਹੈ। ਉਹ ਬਪੜੇ ਭੀ ਕੀ ਕਰਨ ! ਕਰਮਹੀਣ ਜੋ ਹੋਏ। "ਵਾਹੁ ਵਾਹੁ ਕਰਮੀ ਬੋਲੈ ਬੋਲਾਇ" ਗੁਰਵਾਕ ਭਾਵ ਅਨੁਸਾਰ ਕਰਮਾਂ ਵਾਲੇ ਹੀ ਨਾਮ ਦਾ ਮੁਖ-ਰਸਨਾ ਤੋਂ ਉਚਰਨ ਕਰਦੇ ਹਨ ਅਤੇ ਕਰਾਉਂਦੇ ਹਨ। 'ਬੋਲੇ ਬੋਲਾਇ' ਦੇ ਪਦ ਸਾਫ਼ ਫ਼ੈਸਲਾ ਦਿੰਦੇ ਹਨ ਕਿ ਮੁਖ-ਰਸਨਾ ਦੁਆਰਾ ਨਾਮ ਦਾ ਉਚਾਰਨ ਖਿਨ ਪਲ ਚਸਾ ਹੋਈ ਜਾਣਾ ਅਤੇ ਕਰੀ-ਕਰਾਈ ਜਾਣਾ ਗੁਰਮਤਿ-ਆਸ਼ੇ ਦੀ ਐਨ ਅਨਕੂਲਤਾ ਹੈ, ਬਲਕਿ ਕੇਵਲ ਮੁਖ-ਰਸਨਾ ਨੂੰ ਨਾਮ ਜਪ ਕੇ ਪਵਿਤਰ ਕਰਨਹਾਰਾ ਗੁਰਮੁਖ ਜਨ ਹੀ ਜਗ ਵਿਖੇ ਸੋਭਾ ਪਾਉਂਦਾ ਹੈ। ਜੈਸਾ ਕਿ



www.AKJ.Org

ਅਗਲੀ ਤੁਕ "ਵਾਹੁ ਵਾਹੁ ਕਰਤਿਆ ਸੋਭਾ ਪਾਇ" ਪੁਸ਼ਟੀ ਕਰਦੀ ਹੈ ਅਤੇ ਇਹ ਅਗਲਾ ਗੁਰ-ਪ੍ਰਮਾਣ ਭੀ ਏਸੇ ਗੱਲ ਦੀ ਪ੍ਰੌੜ੍ਹਤਾ ਕਰਦਾ ਹੈ :—

ਇਸੁ ਜੁਗ ਮਹਿ ਸੋਭਾ ਨਾਮ ਕੀ, ਬਿਨੁ ਨਾਵੈ
ਸੋਭ ਨ ਹੋਇ ॥ ਇਹ ਮਾਇਆ ਕੀ ਸੋਭਾ
ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ ॥
[ਆਸਾ ਮ: ੩, ਪੰਨਾ ੪੨੯

ਨਿਗੁਰੇ ਨਾਮ ਤੋਂ ਘੁਥੇ ਹੋਏ ਜੀਵ, ਸਭ ਸੋਭਾ-ਹੀਣ, ਕਰਮ-ਹੀਣ ਹਨ। ਸਚੀ ਸੋਭਾ ਵਾਲੇ ਅਤੇ ਕਰਮਾਂ ਵਾਲੇ ਜਨ ਉਹੀ ਹਨ ਜੋ ਨਾਮ ਜਪਦੇ ਹਨ। ਜਿਸ ਨਾਮ ਜਪਣ ਨੂੰ ਕਰਮ ਹੀਣ ਫ਼ਾਲਤੂ ਅਤੇ ਫ਼ਜ਼ੂਲ ਦਸਦੇ ਹਨ ਉਸ ਨਾਮ ਜਪਣ ਨੂੰ ਸਤਿਗੁਰੂ ਜੀ, ਅਥਵਾ ਸਤਿਗੁਰੂ ਰੂਪ ਗੁਰਬਾਣੀ ਦੀ ਅਗਲੀ ਤੁਕ "ਨਾਨਕ ਵਾਹੁ ਵਾਹੁ ਸਤਿ ਰਜਾਇ" ਵਿਚ ਗੁਰੂ ਅਕਾਲ ਦੀ ਹੁਕਮ-ਰਜ਼ਾਈ-ਚਲਣ ਵਾਲੀ ਸਚੀ ਰਜ਼ਾ ਦਸਦੀ ਹੈ। ਸਚੇ ਦੀ ਸਚੀ ਰਜਾਇ ਨਾਮ ਜਪਣਾ ਹੀ ਹੈ। ਏਦੂੰ ਵਧ ਕੇ ਨਾਮ ਜਪਣ ਦੇ ਲਾਜ਼ਮੀ ਹੋਣ ਦੀ ਤੱਦੀ ਹੋਰ ਕੀ ਹੋ ਸਕਦੀ ਹੈ!

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ
ਬੁਝਾਇ ਜੀਉ ॥ [ਸਿਰੀ ਰਾਗ ਮ: ੧, ਪੰਨਾ ੭੨

ਗੁਰਵਾਕ ਅਨੁਸਾਰ ਨਾਮ ਹੀ ਗੁਰੂ ਅਕਾਲ ਪੁਰਖ ਦਾ ਸਚਾ ਹੁਕਮ ਹੈ ਅਤੇ ਨਾਮ ਜਪਣਾ ਉਸ ਦੀ ਹੁਕਮ-ਰਜ਼ਾ ਉਤੇ ਚਲਣਾ ਹੈ। ਇਸ ਤੋਂ ਅਗਲਾ ਸਲੋਕ ਇਸ ਪ੍ਰਥਾਇ ਹੋਰ ਭੀ ਚਾਨਣਾ ਪਾਉਂਦਾ ਹੈ:—

ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ
ਭਾਲਿ ॥ ਵਾਹੁ ਵਾਹੁ ਸਬਦੇ ਉਚਰੈ ਵਾਹੁ
ਵਾਹੁ ਹਿਰਦੈ ਨਾਲਿ ॥ ਵਾਹੁ ਵਾਹੁ ਕਰਤਿਆ
ਹਰਿ ਪਾਇਆ ਸਹਜੇ ਗੁਰਮੁਖਿ ਭਾਲਿ ॥ ਸੇ
ਵਡਭਾਗੀ ਨਾਨਕਾ ਹਰਿ ਹਰਿ ਰਿਦੈ
ਸਮਾਲਿ ॥ [ਮ: ੩ ਵਾਰ ਗੂਜਰੀ, ੫੧੪

ਇਸ ਗੁਰ-ਪ੍ਰਮਾਣ ਤੋਂ ਭੀ ਹੇਠ ਲਿਖੀਆਂ ਇਹ ਦ੍ਰਿੜ੍ਹਤਾਈਆਂ ਹੁੰਦੀਆਂ ਹਨ। ਇਹ ਕਿ ਗੁਰਮਤਿ ਨਾਮ ਵਾਹੁ ਵਾਹੁ ਰੂਪੀ, ਪੂਰੇ ਚੁਅਖਰੇ ਸ਼ਬਦ ਬਾਣੀ ਵਾਲੀ ਸਚੁ ਬਾਣੀ, ਧੁਰੋਂ ਆਈ ਸਚੀ (ਸਤਿ) ਬਾਣੀ ਹੈ। ਇਸ ਕਰਕੇ ਇਸ ਨੂੰ ਸਤਿਨਾਮ ਦਾ ਸੱਚਾ ਮਰਤਬਾ ਪ੍ਰਾਪਤ ਹੈ। ਹੋਰ ਨਾਮ ਸਭ ਕਿਰਤਮ ਹਨ। ਪਰ ਇਸ ਨੂੰ ਸਤਿ ਸਤਿ ਕਰ ਮੰਨਣ ਦੀ ਸਰਧਾ ਕੇਵਲ ਗੁਰਮੁਖਾਂ ਨੂੰ ਹੀ ਹੈ ਅਤੇ ਗੁਰਮੁਖਾਂ ਨੇ ਇਹ ਚੁਅਖਰੀ ਨਾਮ ਸਰੂਪ ਬਾਣੀ "ਗੁਰਮੁਖਿ ਲਧੀ ਭਾਲਿ" ਦੇ ਗੁਰਵਾਕ ਅਨੁਸਾਰ ਖੋਜ ਕੇ ਲਭ ਲਈ ਹੈ। ਗੁਰਮੁਖਿ ਰੂਪ, ਸਤਿਗੁਰੂ ਸਰੂਪ, ਮੁਖੀ ਗੁਰੂ, ਸਿਰਮੌਰ ਗੁਰੂ, ਗੁਰੂਆਂ ਦੇ ਗੁਰੂ, ਸਤਿਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਧੁਰ ਅਕਾਲ ਪੁਰਖ ਦੀ ਦਰਗਾਹ ਤੋਂ ਲੋੜਿ-ਲਝਿਆ। ਫਿਰ ਸਤਿਗੁਰੂ ਜੀ ਤੋਂ ਅਧਿਕਾਰੀ ਗੁਰਮੁਖ ਜਨਾਂ ਨੂੰ ਇਸ ਦੀ ਪ੍ਰਾਪਤੀ ਹੋਈ। ਸਮੂਹ ਗੁਰਬਾਣੀ ਅੰਦਰਿ ਗੁਪਤ ਵਰਤ ਰਹੇ ਗੁਰਮੰਤਰ (ਗੁਰਮਤਿ ਨਾਮ) ਲਖਾਇਕ ਚੁਅਖਰੀ ਬਾਣੀ ਨੂੰ ਗੁਰਮੁਖ ਜਨਾਂ ਨੇ ਹੀ ਭਾਲ ਕੇ ਲਭਿਆ ਅਤੇ ਜਿਨ੍ਹਾਂ ਨੇ ਭਾਲ ਕੇ ਲਭ ਲਿਆ, ਉਹਨਾਂ ਨੂੰ ਗੁਰਮਤਿ ਨਾਮ ਦ੍ਰਿੜ੍ਹ ਹੋ ਕੇ ਉਸ ਦੀ ਅਭਿਆਸ-ਕਮਾਈ ਇਸ ਬਿਧਿ ਹੋਈ :—

ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ
ਨਾਲਿ ॥ [ਵਾਰ ਗੂਜਰੀ

ਅਰਥਾਤ ਗੁਰਮੁਖ ਨਾਮ-ਅਭਿਆਸੀ ਜਨ, ਨਾਮ ਨੂੰ ਰਸਨਾ-ਮੁਖ ਦੁਆਰਾ ਭੀ ਜਾਪਦਾ ਹੈ ਅਤੇ ਹਿਰਦੇ ਨਾਲ ਨਾਮ ਦਾ ਸੁਆਸ-ਸੁਰਤੀ ਅਭਿਆਸ ਭੀ ਕਰਦਾ ਹੈ।

**(੨੭) ਗੁਰਮੰਤਰ—ਸਬਦ—ਨਾਮ—ਸਮ-ਅਰਥ ਹਨ** : ਰਸਨਾ ਅਤੇ ਮੁਖ ਦੁਆਰਾ ਉਚਾਰੇ ਜਾਣ ਕਰਿ ਹੀ ਗੁਰਮੰਤਰ, ਗੁਰਮਤਿ ਨਾਮ ਨੂੰ ਗੁਰਬਾਣੀ ਅੰਦਰ ਗੁਰਸ਼ਬਦ ਕਰਕੇ ਉਚਾਰਨ ਕੀਤਾ ਜਾਂਦਾ ਹੈ। ਨਾਮ ਅਤੇ ਸ਼ਬਦ ਦਾ ਭਾਵ ਇਕੋ ਹੀ ਹੈ। ਜੈਸਾ ਇਸ ਗੁਰਵਾਕ ਦੇ ਭਾਵ ਤੋਂ ਸਪੱਸ਼ਟ ਹੈ:—

ਭਵਜਲੁ ਬਿਨੁ ਸਬਦੈ ਕਿਉ ਤਰੀਐ ॥ ਨਾਮ
ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ
ਡੁਬਿ ਮਰੀਐ ॥੧॥ਰਹਾਉ॥
[ਭੈਰਉ ਮ: ੧, ਪੰਨਾ ੧੧੨੫

ਗੁਰਮੰਤਰ ਪ੍ਰਥਾਇ ਗੁਰਬਾਣੀ ਅੰਦਰ ਕਿਤੇ 'ਸ਼ਬਦ' ਵਰਤਿਆ ਜਾਂਦਾ ਹੈ ਕਿਤੇ 'ਨਾਮ'। ਪ੍ਰੰਤੂ ਤਤ ਭਾਵ ਦੋਹਾਂ ਦਾ ਇਕੋ ਹੀ ਹੈ। ਨਿਸ਼ਾਨਾ ਗੁਰ-


www.AKJ.Org

ਮੰਤਰ ਗੁਰਮਤਿ ਨਾਮ ਦਾ ਹੀ ਹੈ। ਪਹਿਲਾਂ ਬੈਖਰੀ ਬਾਣੀ ਦੁਆਰਾ ਹੀ ਨਾਮ ਜਪਣ ਦਾ ਤੋਰਾ ਤੁਰਦਾ ਹੈ, ਫੇਰ ਸੁਰਤਿ-ਸੁਆਸੀ-ਅਭਿਆਸ ਆਪੇ ਹੀ ਚਲ ਪੈਂਦਾ ਹੈ। ਸੁਰਤਿ-ਸੁਆਸੀ-ਅਭਿਆਸ ਕਰਦਿਆਂ ਹੋਇਆਂ ਭੀ ਰਸਨਾ ਦੁਆਰਾ "ਰੂ" ਪ੍ਰਗਾਸੀ ਜਾਪ-ਜੁਗਤਿ ਦੀ ਅਤਿਸੈ ਕਰਕੇ ਲੋੜ ਰਹਿੰਦੀ ਹੈ। ਤਾਂ ਤੇ ਰਸਨਾ ਦੁਆਰਾ ਨਾਮ ਜਪਣ ਦੀ ਹਦ-ਬਾਨ੍ਹ ਕੋਈ ਨਹੀਂ ਕਿ ਸੁਰਤਿ-ਸੁਆਸੀ-ਜੁਗਤਿ ਬਣਿ ਆਉਣ ਕਰਿ ਰਸਨਾ ਦਾ ਜਾਪ ਮੁਕ ਜਾਂਦਾ ਹੈ। ਜਿਸ ਜਿਸ ਆਤਮ-ਅਵਸਥਾ ਵਿਚ, ਜਿਉਂ ਜਿਉਂ ਅਧਿਕ ਰਸਨਾ-ਜਾਪ ਹੋਵੇਗਾ ਤਿਉਂ ਤਿਉਂ ਅਧਿਕ ਤੋਂ ਅਧਿਕ ਇਸ ਦਾ ਆਨੰਦ ਆਵੇਗਾ ਅਤੇ ਪ੍ਰਕਾਸ਼-ਕਲਾ ਦਾ ਵਿਸਥਾਰ ਭੀ ਵਧ ਤੋਂ ਵੱਧ ਹੁੰਦਾ ਜਾਵੇਗਾ। ਤਦੇ ਤਾਂ ਅਗਲੇਰੀ ਤੁਕ ਦਸਦੀ ਹੈ ਕਿ "ਵਾਹੁ ਵਾਹੁ ਕਰੰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ॥" ਰਸਨਾ ਦੁਆਰਾ ਨਾਮ ਜਪਣ ਦੀ ਗਤਿ ਮਤਿ ਸਮਰਥਾ ਐਥੋਂ ਤਾਈਂ ਹੈ ਕਿ ਇਸਦੇ ਜਪਦਿਆਂ ਹਰੀ ਪ੍ਰਮਾਤਮਾ ਨੂੰ ਪਾ ਲਈਦਾ ਹੈ ਸਹਜੇ ਹੀ, ਪਰ ਗੁਰਮੁਖਿ ਭਾਲ ਦੁਆਰਾ "ਗੁਰਮੁਖਿ ਭਾਲਿ" ਦੇ ਗੁਹਜ ਗੁਰਮਤੀ ਭਾਵ ਪਹਿਲੇ ਹੀ ਬਿਸਥੀਰਨ ਹੋ ਚੁੱਕੇ ਹਨ। ਵਾਹੁ ਵਾਹੁ ਦੀ ਮਹਿਮਾ ਦਾ ਅਗਲੇਰਾ ਸਲੋਕ ਸਲਾਹੁਣ ਯੋਗ ਨਾਮੀ ਦਾ, ਨਾਮ ਜਪਣ ਦੀ ਵਿਲੱਖਣ ਵਿਸ਼ੇਸ਼ਤਾ ਪ੍ਰਗਟ ਕਰਦਾ ਹੈ:—

> ਵਾਹੁ ਵਾਹੁ ਤਿਸਨੋ ਆਖੀਐ ਜਿ ਸਚਾ ਗਹਿਰ ਗੰਭੀਰੁ॥ ਵਾਹੁ ਵਾਹੁ ਤਿਸਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ॥ ਵਾਹੁ ਵਾਹੁ ਤਿਸਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ॥ ਵਾਹੁ ਵਾਹੁ ਤਿਸਨੋ ਆਖੀਐ ਜਿ ਦੇਦਾ ਰਿਜਕੁ ਸੰਬਾਹਿ॥ ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ॥੧॥ [ਪੰਨਾ ੫੧੫

ਜਿਸ ਸਿਫ਼ਤ ਸਲਾਹੁਣ-ਯੋਗ ਨਾਮੀ ਅਕਾਲ ਪੁਰਖ ਨੂੰ ਗੁਰਮਤਿ ਨਾਮ ਦੁਆਰਾ ਸਲਾਹੀਦਾ ਹੈ, ਉਹ ਏਤਨੀ ਵਿਸ਼ੇਸ਼ਤਾ ਵਾਲਾ ਹੈ ਤੇ ਉਹ ਸਚਾ ਗਹਿਰ ਗੰਭੀਰ ਹੈ, ਉਹ ਗੁਣ-ਦਾਤਾ ਮਤਿ ਧੀਰ ਹੈ। ਉਹ ਸਰਬ ਵਿਆਪਕ ਹੈ, ਉਹ ਸਰਬ ਪ੍ਰਤਿਪਾਲਕ ਹੈ, ਉਹ ਇਕ ਹੈ। ਉਹ ਸਤਿਗੁਰ ਦੁਆਰਾ ਗੁਰ ਪ੍ਰਸਾਦਿ ਕਰ ਹੀ ਲਖਿਆ ਜਾਂਦਾ ਹੈ।

**(੨੮) ਨਾਮ ਜਪਣ ਵਾਲੇ ਨੂੰ ਤ੍ਰਿਭਵਣ-ਸੋਝੀ ਹੁੰਦੀ ਹੈ**: ਗੁਰਮਤਿ ਨਾਮ ਦੇ ਜਪਣ ਕਰਿ, ਵਾਹਿਗੁਰੂ ਨਾਮੀ ਦੇ ਇਹ ਵਿਸ਼ੇਸ਼ਣ ਪਰਤੱਖ ਪ੍ਰਗਟ ਪਾਹਾਰੇ ਜਾਪਣਗੇ। ਏਹਨਾਂ ਚਿੰਨ੍ਹ-ਵਿਸ਼ੇਸ਼ਣਾਂ ਵਾਲਾ ਅਕਾਲ ਪੁਰਖ ਸਾਂਗੋ ਪਾਂਗ ਦਿਸੇਗਾ। ਜੈਸਾ ਕਿ ਸਤਿਗੁਰਾਂ ਨੇ ਆਪਣੀ ਅਖੀਂ ਡਿਠਾ ਅਤੇ ਪਰਤੱਖ ਦੇਖ ਕੇ ਤੱਤ-ਸਰੂਪ ਲਕਸ਼ਣੀ, ਮੂਲ ਮੰਤ੍ਰ ਉਚਾਰਨ ਕੀਤਾ। ਅਕਾਲ ਪੁਰਖ ਨੇ ਆਪ ਉਚਾਰਨ ਕਰਵਾਇਆ। ਅਗਲੇ ਸਲੋਕ ਵਿਚ ਨਾਮ ਜਪਣ ਵਾਲਿਆਂ ਦੀ ਮਹਿਮਾ-ਮਹੱਤਤਾ ਅਤੇ ਗੁਰਮਤਿ ਨਾਮ ਤੋਂ ਘੁੱਥਿਆਂ ਦੀ ਅਧੋਗਤੀ ਤੇ ਮਨਮੁਖਤਾ ਦਾ ਵਰਨਣ ਹੈ। ਯਥਾ:—

> ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥ ਓਨ੍ਹਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ॥ ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ॥ ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ॥੨॥ [ਪੰਨਾ ੫੧੫

ਭਾਵ ਜਿਤੜੇ ਗੁਰਮੁਖਿ ਜਨ ਹਨ ਸੋ ਤਾਂ ਸਦਾ ਹੀ ਸਿਫ਼ਤ-ਸਲਾਹ ਕਰਦੇ ਰਹਿੰਦੇ ਹਨ, ਅਰਥਾਤ ਖਿਨ ਖਿਨ ਨਾਮੁ ਜਪਦੇ ਰਹਿੰਦੇ ਹਨ ਅਤੇ ਜਿਤੜੇ ਮਨਮੁਖ ਗੁਰੂ ਤੋਂ ਬੇਮੁਖ ਆਪਣੇ ਮਨ ਦੇ ਮਗਰ ਲਗ ਕੇ ਚਲਣ ਵਾਲੇ ਹਨ, ਉਹਨਾਂ ਨੂੰ ਇਸ ਅੰਮ੍ਰਿਤ-ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਉਹ ਬਿਖ ਰੂਪ ਮਾਇਆ ਵਿਚ ਖਚਿਤ ਹੋ ਕੇ ਮਰੇ ਖਪੇ ਰਹਿੰਦੇ ਹਨ। ਉਹਨਾਂ ਨੂੰ ਮਨ ਦੇ ਹੰਕਾਰ ਕਰਿ ਨਾਮ ਜਪਣਾ, ਅਰਥਾਤ ਸਿਫਤ-ਸਲਾਹ ਨਹੀਂ ਭਾਵੰਦੀ। ਤਾਂਤੇ ਉਹਨਾਂ ਨੂੰ ਕਦੇ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਸਦਾ ਹੀ ਉਹਨਾਂ ਦੀ ਅਵਰਦਾ ਦੁਖ ਹੀ ਦੁਖ ਵਿਚ ਵਿਹਾਉਂਦੀ ਰਹਿੰਦੀ ਹੈ। ਪਰ ਗੁਰਮੁਖਿ ਸਦਾ ਹੀ ਨਾਮ-ਅੰਮ੍ਰਿਤ ਦੇ ਗਟਾਕ ਭੁੰਚਦੇ ਰਹਿੰਦੇ ਹਨ, ਅਤੇ ਇਕ-ਰਸ,



www.AKJ.Org

ਇਕ-ਤਾਰ, ਇਕ-ਲਿਵ ਨਾਮ ਹੀ ਜਪਦੇ ਰਹਿੰਦੇ ਹਨ। ਇਸ ਬਿਧ ਗੁਰਮੁਖ ਨਾਮ ਜਪਣਹਾਰਿਆਂ ਦਾ ਹਿਰਦਾ ਅਜਿਹਾ ਨਿਰਮਲ ਅਤੇ ਸ਼ੁਧ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਸਹਿਜੇ ਹੀ ਤ੍ਰਿਭਵਣ ਦੀ ਸੋਝੀ ਹੋ ਜਾਂਦੀ ਹੈ।

(੨੯) **ਨਾਮ ਜਪਣ ਦੀ ਜੁਗਤੀ** —ਅਗਲੇ ਸਲੋਕ ਵਿਖੇ ਫੇਰ ਵਾਹੁ ਵਾਹੁ ਸਿਫਤਿ ਸਲਾਹ ਕਰਨ, ਅਰਥਾਤ ਗੁਰਮਤਿ ਨਾਮ ਜਪਣ ਦੀ ਲੀਲ੍ਹਾ, ਲਲਿਤ ਵਡਿਆਈ ਵਰਨਣ ਹੈ :—

ਵਾਹੁ ਵਾਹੁ ਸੇ ਜਨ ਸਦਾ ਕਰਹਿ, ਜਿਨ ਕਉ ਆਪੇ ਦੇਇ ਬੁਝਾਇ ॥ ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥ ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ ॥ ਵਾਹੁ ਵਾਹੁ ਕਰਹਿ ਸੇ ਜਨ ਸੋਹਣੇ ਹਰਿ ਤਿਨ੍ ਕੈ ਸੰਗਿ ਮਿਲਾਇ ॥ ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ ॥ ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ ॥੧॥ [ਪੰਨਾ ੫੧੫

ਇਸ ਗੁਰਵਾਕ ਦਾ ਗੁਰਦੀਖਿਤ ਸਿਧਾਂਤ ਇਹ ਹੈ ਕਿ ਗੁਰਮਤਿ ਨਾਮ ਦੀ ਸਦਾ ਜਾਪ ਮਈ ਸਿਫਤਿ-ਸਲਾਹ ਸੇਈ ਗੁਰਮੁਖ ਜਨ ਕਰਦੇ ਹਨ, ਜਿਨ੍ਹਾਂ ਨੂੰ ਨਾਮ ਜਪਣ ਦੀ ਜੁਗਤੀ ਸਤਿਗੁਰੂ ਦੁਆਰਾ, 'ਨਾਮੀ' ਅਕਾਲ ਪੁਰਖੁ ਆਪੇ ਹੀ ਬੁਝਾਇ ਦਿੰਦਾ ਹੈ। ਨਾਮ ਜਪਣ ਦੀਆਂ ਆਪ-ਹੁਦਰੀਆਂ ਮਨ ਦੀਆਂ ਮਤਾਂ-ਬੁਧਾਂ ਸਭ ਮਿਥਿਆ ਹਨ ਗੁਰ-ਜੁਗਤੀ ਦੁਆਰਾ ਦ੍ਰਿੜ੍ਹ ਹੋਏ ਨਾਮ ਜਪਣ ਕਰਿ, ਮਨੁ ਨਿਰਮਲ ਹੁੰਦਾ ਹੈ ਅਤੇ ਹਉਮੈ ਦਾ ਬਿਨਾਸ ਹੁੰਦਾ ਹੈ। ਜਿਹੜਾ ਗੁਰਮੁਖਿ ਨਿਤਾਪ੍ਰਤਿ (ਅਹਿਨਿਸ) ਨਾਮ ਜਪਦਾ ਹੈ, ਵਾਹੁ ਵਾਹੁ ਕਰਿ ਸਿਫਤਿ-ਸਲਾਹ ਕਰਦਾ ਹੈ, ਤਿਸ ਨੂੰ ਮਨ-ਚਿੰਦਿਆ ਫਲੁ ਪ੍ਰਾਪਤ ਹੁੰਦਾ ਹੈ। ਵਾਹੁ ਵਾਹੁ ਕਰਿ ਗੁਰਮਤਿ ਨਾਮ ਜਪਣ ਵਾਲੇ ਗੁਰਮੁਖ ਜਨ ਹੀ ਸੁੰਦਰ ਸੋਹਣੇ ਹਨ। (ਸਤਿਗੁਰੂ) ਤਿਨ੍ਹਾਂ ਦੀ ਸੰਗਤ ਵਿਚ ਮਿਲੇ ਰਹਿਣ ਦੀ ਯਾਚਨਾ ਦ੍ਰਿੜ੍ਹਾਉਂਦੇ ਹਨ। ਫੇਰ ਅਕਾਂਖਿਆ ਪ੍ਰਤਿਪਾਦਨ ਕਰਦੇ ਹਨ ਕਿ ਹਿਰਦੇ ਕਰਕੇ ਭੀ ਵਾਹੁ ਵਾਹੁ ਉਚਰਦੇ ਰਹੀਏ ਅਤੇ ਮੁਖੋਂ ਭੀ ਵਾਹੁ ਵਾਹੁ ਕਰਦੇ ਰਹੀਏ।

['ਗੁਰਮਤਿ ਰਮਜ਼ਾਂ' ਵਿਚੋਂ ਧੰਨਵਾਦ ਸਹਿਤ

---

## ਤੇਰੇ ਦਰਸ਼ਨ ਦੀ ਇਕ ਝਲਕੀ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਅਨੁਵਾਦ]

ਸੁਹਣੇ ਦੀਆਂ ਜ਼ੁਲਫ਼ਾਂ ਦੇ ਕੁੰਡਲੋਂ ਲੰਘ ਗਿਆ ਦਿਲ ਜਿਹੜਾ।
ਚੀਨ ਮਚੀਨ ਖ਼ਤਾ ਖ਼ੁਤਨਾਂ ਦਾ ਉਹ ਨਹੀਂ ਪੁਛਦਾ ਵਿਹੜਾ ॥੧॥
ਤੇਰੇ ਦਰਸ਼ਨ ਦੀ ਇਕ ਝਲਕੀ ਜ਼ੁਲਫ-ਹੁਮਾ ਦਾ ਸਾਇਆ।
ਜਿਸ ਨੂੰ ਮਿਲਿਆ, ਦੋ ਲੋਕਾਂ ਦਾ ਰਾਜ ਉਨ੍ਹੇ ਠੁਕਰਾਇਆ ॥੨॥
ਜੀਵਨ-ਪੂੰਜੀ ਹਾਸਲ ਕਰ ਤੂੰ ਦਾਨੇ ਸੁਘੜ ਸਿਆਣੇ।
ਕਿਥੋਂ ਜੀਵਨ ਆਵੇ ਜਾਵੇ? ਇਹ ਗੱਲ ਕੋਈ ਨ ਜਾਣੇ ॥੩॥
ਵਹਿਣ ਵਾਸ਼ਨਾ ਦਾ ਜੋ ਲੰਘਿਆ, ਜੋ ਦਰਵੇਸ਼ ਇਲਾਹੀ।
ਰੋਲਾ ਗੋਲਾ ਦਿਲ ਤੋਂ ਸਮਝੇ, ਉਹ ਦੁਨੀਆ ਦੀ ਸ਼ਾਹੀ ॥੪॥
ਗੁਜ਼ਰ ਜਾਣ ਦੀ ਕੀ ਪੁਛਦਾ ਹੈਂ, ਇਸ ਜਗ ਵਿਚ ਨਿਕੰਮੇ।
ਰਾਜੇ ਰੰਕ ਸਮਾਨ ਪੈਣਗੇ, ਪੰਧ ਮੌਤ ਦੇ ਲੰਮੇ ॥੫॥
ਆਬਿ ਹਯਾਤ ਸੁਖ਼ਨ 'ਗੋਇਆ' ਦਾ ਹੈ ਬਖ਼ਸ਼ਸ਼ ਦਾ ਵਾਲੀ।
ਆਬਿ-ਹਯਾਤੋਂ ਵਧ ਪਾਕ ਹੈ ਬਖ਼ਸ਼ੇ ਜੀਵਨ-ਲਾਲੀ ॥੬॥

[ਸ: ਵਿਧਾਤਾ ਸਿੰਘ ਜੀ 'ਤੀਰ'

www.AKJ.Org

# ਜਮ ਤੇ ਜਮਪੁਰੀ (੧)

[ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਪਹਿਲਾਂ ਤਾਂ ਅਰੰਭ ਵਿਚ ਹੀ ਜਪੁਜੀ ਸਾਹਿਬ ਦੇ ਪਾਠ ਵਿਚ ਆਏ ਗੁਰਵਾਕ ਦਾ ਪਰਮਾਣ ਦਿਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੇ ਨਾਮ ਨੂੰ ਮੰਨਣ ਨਿਧਿਆਸਣ ਕਰਨ ਕਰਕੇ, ਮਾਇਆ ਮਮਤਾ ਵਿਚ ਪੈਣੋਂ ਬਚੀਦਾ ਹੈ ਅਤੇ ਜਮ ਦੀਆਂ ਚੋਟਾਂ ਨਹੀਂ ਖਾਈਦੀਆਂ, ਨਾ ਹੀ ਜਮ ਦੇ ਨਾਲ ਜਾਈਦਾ ਲਿਜਾਈਦਾ ਹੈ। ਯਥਾ ਗੁਰਵਾਕ :—

ਮੰਨੈ ਮੁਹਿ ਚੋਟਾ ਨਾ ਖਾਇ ॥
ਮੰਨੈ ਜਮ ਕੈ ਸਾਥਿ ਨ ਜਾਇ ॥

ਸਤਿ ਅਤੇ ਸਤਯਵਾਦ ਦੇ ਸਰਚਸਮੇ (ਸੋਮੇ) ਗੁਰੂ ਨਾਨਕ ਸਾਹਿਬ ਦੀ ਸਰਬੱਗ ਦਿਬ-ਦ੍ਰਿਸ਼ਟੀ ਨੇ, ਅਦ੍ਰਿਸ਼ਟ ਦੁਨੀਆ ਵਿਚ ਜਮ ਦੀ ਹੋਂਦ ਦੇਖੀ, ਤਦੇ ਤਾਂ ਐਸਾ ਜ਼ਿਕਰ ਜਮ ਦਾ ਜਪੁਜੀ ਸਾਹਿਬ ਵਿਚ ਕੀਤਾ। ਪਰ ਨਾਲ ਹੀ ਇਹ ਨਿਸਚਿਤ ਕਰਾ ਦਿਤਾ ਕਿ ਨਾਮ-ਅਭਿਆਸ ਦੀ ਕਮਾਈ ਕਰਨਹਾਰਿਆਂ ਨੂੰ ਇਸ ਜਮ ਦਾ ਡਰ ਨਹੀਂ। ਜਮ ਉਹਨਾਂ ਦੇ ਨੇੜੇ ਨਹੀਂ ਆ ਸਕਦਾ। ਪਰ ਜਮ ਹੈ ਸਹੀ। ਗੁਰਮਤਿ-ਹੀਣੇ, ਨਾਮ ਬਿਹੂਣੇ ਸਾਕਤਾਂ ਨੂੰ ਧਰ ਕੇ ਲੈਂਦੇ ਹਨ। ਅਸੀਂ ਨਿਤ ਰਹਿਰਾਸ ਸਾਹਿਬ ਦੀ ਬਾਣੀ ਦਾ ਪਾਠ ਕਰਦੇ ਹਾਂ :—

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ
ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥

ਦੀ ਤੁਕ ਪੜ੍ਹਦੇ ਹਾਂ, ਪਰ ਬਿਨਾਂ ਵਿਚਾਰੇ ਦੇ, ਉਪਰ ਦੀ ਹੀ ਲੰਘ ਜਾਂਦੇ ਹਾਂ। ਇਹ ਤੁਕ ਸਾਫ਼ ਦਸਦੀ ਹੈ ਕਿ ਵਾਹਿਗੁਰੂ ਦਾ ਨਾਮ ਸਿਮਰਨਹਾਰੇ ਮੁਕਤਿ ਰੂਪ ਹੋ ਜਾਂਦੇ ਹਨ। ਤਿਨ੍ਹਾਂ ਦੀ ਜਮ ਦੀ ਫਾਸੀ ਟੁਟ ਜਾਂਦੀ ਹੈ। ਤਿਨ੍ਹਾਂ ਦੇ ਗਲ ਇਹ ਜਮ-ਫਾਹੀ ਪੈਂਦੀ ਨਹੀਂ।

ਜਿਨ੍ਹਾਂ ਸਾਕਤਾਂ ਨੇ ਹਰੀ-ਰਸ ਦਾ ਸੁਆਦ ਨਹੀਂ ਜਾਣਿਆ ਤਿਨ੍ਹਾਂ ਦੇ ਅੰਦਰ ਹਉਮੈ ਦਾ ਕੰਡਾ ਹੁੰਦਾ ਹੈ। ਇਸ ਲੋਕ ਵਿਖੇ ਤਾਂ ਇਹ ਹਉਮੈ ਦਾ ਕੰਡਾ, ਹਉਮੈ-ਗ੍ਰਸਤ ਨੂੰ ਪਰਮਾਰਥ ਵਲ ਆਉਣ ਨਹੀਂ ਦਿੰਦਾ ਅਤੇ ਨਾਮ-ਸਿਮਰਨ ਤੋਂ ਮੁਨਹਰਫ਼ ਹੀ ਰਖਦਾ ਹੈ। ਜਦ ਸਿਮਰਨ ਵਲ ਆਉਣ ਹੀ ਨਹੀਂ ਦਿੰਦਾ ਤਾਂ ਓਸ ਨੂੰ ਸਿਮਰਨ-ਰਸ ਕੀ ਆਉਣਾ ਸੀ? ਕਦਾਚਿਤ ਨਹੀਂ। ਅਗੇ ਜਾ ਕੇ (ਅਗਲੇ ਲੋਕ ਵਿਖੇ) ਜਦੋਂ ਉਹਨਾਂ ਮਾਰਗਾਂ ਵਿਖੇ ਚਲਣਾ ਪੈਂਦਾ ਹੈ ਜਿਨ੍ਹਾਂ ਦੇ ਕੋਸ ਭੀ ਗਿਣੇ ਨਹੀਂ ਜਾਂਦੇ, ਤਾਂ ਉਹਨਾਂ ਰਾਹਾਂ ਵਿਚ ਇਹ ਹਉਮੈ ਦਾ ਕੰਡਾ ਚੁਭਦਾ ਹੈ ਅਤੇ :—

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ
ਸਹਹਿ ਸਿਰਿ ਡੰਡਾ ਹੇ ॥੨॥ [ਸੋਹਿਲਾ

ਦੇ ਗੁਰਵਾਕ ਅਨੁਸਾਰ ਜਿਉ ਜਿਉ ਇਹ ਕੰਡਾ ਚੁਭਦਾ ਹੈ ਤਿਉਂ ਤਿਉਂ ਦੁਖਦਾਈ ਹੁੰਦਾ ਹੈ, ਜੋ ਅਵੱਸ਼ ਸਹਿਣਾ ਪੈਂਦਾ ਹੈ। ਇਸ ਗੁਰਵਾਕ ਵਿਚ ਜਮ ਅਤੇ ਜਮ ਦੇ ਡੰਡ ਰੂਪੀ ਡੰਡੇ ਦੀ ਹੋਂਦ ਤੋਂ ਕੋਈ ਸ਼ਰਧਾ-ਵਾਨ ਸਿਖ ਮੁਨਕਰ ਨਹੀਂ ਹੋ ਸਕਦਾ, ਸਗੋਂ ਗੁਰਮੁਖ ਹੋ ਕੇ ਭਉ ਕਰਦਾ ਹੈ ਤੇ ਆਪਣਾ ਆਪ ਪਛਾਣਦਾ ਹੈ। ਸਾਕਤ ਦੀ ਗਤੀ ਤੋਂ ਭੈਮਾਨ ਹੋ ਕੇ ਆਪ ਬਚਦਾ ਹੈ ਅਤੇ ਹੋਰਨਾਂ ਨੂੰ ਬਚਾਉਂਦਾ ਹੈ। ਆਪ ਸੁਮਾਰਗੇ ਪੈਂਦਾ ਹੈ ਅਤੇ ਆਪਣੇ ਸਾਥੀਆਂ ਨੂੰ ਸੁਮਾਰਗੇ ਪਾਉਂਦਾ ਹੈ। ਅਗਲਾ ਗੁਰਵਾਕ ਜਮ ਦੀ ਭਿਅੰਕਰਤਾ ਸਬੰਧੀ ਕੈਸੀ ਸਪੱਸ਼ਟ ਗਵਾਹੀ ਦਿੰਦਾ ਹੈ। ਯਥਾ ਗੁਰਵਾਕ :—

ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥
ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ
ਖੁਲਹਾਨੁ ॥ ਮਨਮੁਖਿ ਸੁਖੁ ਨ ਪਾਈਐ ਗੁਰਮੁਖਿ
ਸੁਖੁ ਸੁਭਾਨੁ ॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ
ਪਰਵਾਨੁ......॥ [ਸਿਰੀ ਰਾਗੁ ਮ: ੧, ਪੰਨਾ ੨੧

ਭਾਵ ਸਾਕਤ ਨਿਗੁਰਾ, ਗੁਰ ਬੇਮੁਖ ਕੁੱਤੇ ਦੀ ਨਿਆਈਂ ਹੁੰਦਾ ਹੈ। ਕੁੱਤੇ ਵਾਂਗੂ ਭਉਂਕਿ ਭਉਂਕਿ, ਗੁਰੂ ਕੀ ਨਿੰਦਿਆ ਕਰਿ ਕਰਿ, ਪਚੇ ਪਚਿ ਮਰਦਾ ਹੈ ਅਤੇ ਭ੍ਰਮੇ ਭੂਲਾ ਅਗੇ ਜਾ ਕੇ ਘਣੇ ਦੁਖ ਸਹਿੰਦਾ



www.AKJ.Org

ਹੈ। ਜਮੂਆ ਉਸ ਨੂੰ ਮਾਰ ਮਾਰ ਕੇ ਉਸਦਾ ਖਲਿਹਾਣ ਕਰ ਦਿੰਦਾ ਹੈ। ਉਸ ਦਾ ਕਚੂਮਰ ਕਢ ਦਿੰਦਾ ਹੈ। ਮਨਮੁਖੀਏ ਸਾਕਤ ਨੂੰ ਸੁਖ ਕਦੇ ਮਿਲਦਾ ਨਹੀਂ। ਇਹ ਗੁਰਮੁਖ ਜਨ ਹੀ ਹਨ ਜਿਨ੍ਹਾਂ ਉਤੇ ਸਚਾ ਸੁਖ ਸੋਭਦਾ, ਸੁਭਾਇਮਾਨ ਹੁੰਦਾ ਹੈ। ਐਥੇ ਇਸ ਲੋਕ ਵਿਖੇ ਮਨਮੁਖੀਏ ਸਾਕਤ ਨਿਕਰਮਣ ਧੰਧ ਪਿਟਾਈਦੇ ਹਨ। ਧੰਦਿਆਂ ਵਿਚ ਪਏ ਰੋਂਦੇ ਪਿਟਦੇ ਰਹਿੰਦੇ ਹਨ। ਅਗੇ ਉਹਨਾਂ ਨਾਲ ਕੀ ਬੀਤਦੀ ਹੈ ਸੋ ਉਪਰ ਦਸ ਹੀ ਦਿਤਾ ਗਿਆ ਹੈ। ਇਹ ਉਪਰਲੀ ਗੁਰਵਾਕ-ਮਈ ਸਾਰੀ ਲਿਖਤ ਬਾਣੀ, ਸਚੁ ਲਿਖਤ ਹੈ। ਸਚੀ ਲਿਖਤ ਹੋਣ ਕਰ ਕੇ ਪਰਵਾਣ ਹੈ (ਪਰਵਾਣ ਕਰਨੇ ਯੋਗ ਹੈ) ਅਤੇ 'ਜਮ ਮਾਰਿ ਕਰੈ ਖੁਲਿਹਾਨੁ" ਮਈ ਸਚੁ ਲਿਖਤੁ ਭੀ ਸਚੁ ਕਰ ਕੇ ਮੰਨਣ ਪਰਵਾਣ ਕਰਨ ਯੋਗ ਹੈ ਕਿ ਜਮ ਦੀ ਹਸਤੀ ਜ਼ਰੂਰ ਹੈ। ਉਹ ਮਾਰ ਕੇ ਖਲਿਹਾਣ ਕਰ ਦਿੰਦਾ ਹੈ ਗੁਰ ਨਿੰਦਕਾ ਸਾਕਤਾਂ ਦਾ। ਇਸ ਵਿਚ ਰੰਚਕ ਸੰਦੇਹ ਨਹੀਂ।

ਅਗਲਾ ਗੁਰ-ਪਰਮਾਣ ਦਸਦਾ ਹੈ ਕਿ ਜਿਹੜੇ ਮਨਮੁਖੀਏ ਸਾਕਤ ਨਰ ਸਤਿਗੁਰੂ ਤੋਂ ਮੂੰਹ ਫੇਰਦੇ ਹਨ, ਤਿਨ੍ਹਾਂ ਦੇ ਮੁਖ ਕਾਲੇ ਹਨ, ਤਿਨ੍ਹਾਂ ਦੇ ਮੱਥਿਆਂ ਤੇ ਕਾਲੇ ਲੇਖ ਲਿਖੇ ਗਏ ਹਨ। ਉਹ ਅਨਦਿਨ (ਦਿਨ ਰਾਤ) ਦੁਖ ਹੀ ਦੁਖ ਸਹੇੜਦੇ ਹਨ। ਦੁਖਾਂ ਦੀਆਂ ਪੰਡਾਂ ਇਕੱਠੀਆਂ ਕਰਦੇ ਹਨ, ਜੋ ਅਗੇ ਜਾ ਕੇ ਚੁਕਣੀਆਂ ਪੈਣਗੀਆਂ। ਨਿਤਾਪ੍ਰਤੀ ਜਮੂਆ ਉਹਨਾਂ ਦੇ ਸਿਰ ਤੇ ਖੜਾ, ਉਹਨਾਂ ਨੂੰ ਜੋਹਦਾ ਹੈ। ਯਥਾ ਗੁਰਵਾਕ :—

ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ ॥
[ਸਿਰੀ ਰਾਗੁ ਮ: ੩, ਪੰਨਾ ੩੦

ਉਹ ਜਮ ਦੇ ਜਾਲ ਵਿਚ ਜ਼ਰੂਰ ਪੈਣਗੇ। ਐਸੇ ਸਾਕਤ ਅਗਿਆਨੀ ਪੁਰਸ਼ ਹਉਮੈ ਵਿਚ ਗ੍ਰਸੇ, ਹਉਮੈ ਦੇ ਲੱਦੇ ਹੀ ਫਿਰਦੇ ਹਨ। ਹਉਮੈ ਲਦਿਆਂ, ਹਉਮੈ ਅਟਿਆਂ, ਹਉਮੈ ਦੀ ਗਣਿਤ ਨਾਲਿ ਗਣਦਿਆਂ ਨੂੰ ਕਦੇ ਸੁਖ ਨਹੀਂ। ਉਹ ਬਿਖ ਦੀ ਕਾਰ ਹੀ ਕਮਾਵੰਦੇ ਹਨ ਅਤੇ ਬਿਖ ਹੀ ਮਾਹਿ ਸਮਾਉਂਦੇ, ਖਚਿਤ ਹੋਏ ਰਹਿੰਦੇ ਹਨ। ਐਸੇ ਕਿਖਈ ਪੁਰਸ਼ ਨਾਮ-ਅੰਮ੍ਰਿਤ ਦੇ ਪਾਸੇ ਆਉਂਦੇ ਹੀ ਨਹੀਂ ਅਤੇ ਪਰਮਾਰਥਾਂ ਵਲ ਲੱਗਦੇ ਹੀ ਨਹੀਂ। ਨਾਮ ਦੀ ਉਨ੍ਹਾਂ ਨੂੰ ਸੂਝ ਬੂਝ ਹੀ ਨਹੀਂ ਆਉਂਦੀ। ਨਾਮ ਬਿਨਾਂ ਉਹਨਾਂ ਨੂੰ ਕਿਤੇ ਭੀ ਠਉਰ ਨਹੀਂ ਮਿਲਦੀ, ਨਾ ਏਥੇ ਨਾ ਉਥੇ। ਨਾ ਲੋਕ ਵਿਖੇ ਨਾ ਪ੍ਰਲੋਕ ਵਿਖੇ। ਅਗੇ ਜਾ ਕੇ ਜਮਾਂ ਦੇ ਵਸ ਪੈ ਜਾਂਦੇ ਹਨ ਜੋ ਉਹਨਾ ਨੂੰ ਜਮਪੁਰੀ ਵਿਚ ਲੈ ਜਾਂਦੇ ਹਨ ਅਤੇ ਜਮਪੁਰੀ ਦੇ ਦੁਖ ਸਹਿਣੇ ਪੈਂਦੇ ਹਨ। ਉਹਨਾਂ ਦੁਖਾਂ ਨੂੰ ਓਹੀ ਜਾਣਦੇ ਹਨ ਜਿਨ੍ਹਾਂ ਨੂੰ ਸਹਿਣੇ ਪਏ ਹਨ। ਯਥਾ ਗੁਰਵਾਕ :—

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥
ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਇ ॥ ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥
[ਸਿਰੀ ਰਾਗੁ ਮ: ੩, ਪੰਨਾ ੩੬

ਇਸ ਗੁਰਵਾਕ ਤੋਂ ਜਮਪੁਰੀ ਭੀ ਸਿਧ ਹੋ ਗਈ। ਅਦ੍ਰਿਸ਼ਟ ਦੁਨੀਆ ਵਿਚ ਜਮਪੁਰੀ ਭੀ ਇਕ ਪੁਰੀ ਹੈ, ਜਿਥੇ ਜਮਾਂ ਦਾ ਵਾਸਾ ਹੈ ਅਤੇ ਜਿਥੇ ਆਮ ਪੁਰਸ਼ ਜਾ ਕੇ ਜਮਾਂ ਦੇ ਵਸਿ ਪੈਂਦੇ ਹਨ ਅਤੇ ਜਮਾਂ ਦੀ ਮਾਰ ਦੇ ਦੁਖ ਸਹਿੰਦੇ ਹਨ। ਅਗਲਾ ਗੁਰਵਾਕ ਭੀ ਇਕੋ ਤੁਕ ਅੰਦਰ ਇਹ ਦਸਦਾ ਹੈ ਕਿ ਜੋ ਜੋ ਪ੍ਰਾਣੀ ਹਉਮੈ-ਕਰਮ ਕਮਾਉਂਦੇ ਹਨ ਤਿਨ੍ਹਾਂ ਨੂੰ ਜਮ ਦਾ ਡੰਡ ਸਹਿਣਾ ਪੈਂਦਾ ਹੈ ਅਗੇ ਜਾ ਕੇ। ਯਥਾ ਗੁਰਵਾਕ :—

ਹਉਮੈ ਕਰਮ ਕਮਾਵਦੇ ਜਮਡਡੁ ਲਗੈ ਤਿਨ ਆਇ ॥ [ਸਿਰੀ ਰਾਗ ਮ: ੩, ਪੰਨਾ ੬੫

ਨਾਮ ਤੋਂ ਬਿਨਾਂ ਜਿਤਨੇ ਭੀ ਹੋਰ ਕਰਮ ਹਨ ਸਭ ਹਉਮੈ-ਕਰਮ ਹਨ, ਹਉਮੈ ਅੰਦਰ ਕੀਤੇ ਜਾਂਦੇ ਹਨ ਅਤੇ ਏਹਨਾਂ ਹਉਮੈ-ਕਰਮਾਂ ਦੇ ਕਰਨਹਾਰੇ ਸਭ ਜਮ-ਡੰਡ ਦੇ ਅਧਿਕਾਰੀ ਹਨ। ਸਚ ਭਾਖਦੇ ਹਨ ਗੁਰੂ ਸਾਹਿਬ ਕਿ ਇਸ ਤੋਂ ਕੇਵਲ ਰਾਮ ਜਨ ਹੀ ਅਲੱਗ ਹਨ।

ਆਪ-ਹੁਦਰੇ ਹਉਮੈ ਦੇ ਅਧੀਨ ਹੋ ਕੇ ਅਨਿਕ ਪ੍ਰਕਾਰੀ ਕਰਮ ਕਮਾਣਹਾਰੇ ਸਾਰੇ ਹੀ ਅਗੇ ਜਾ ਕੇ ਜਮ-ਡੰਡ ਦੇ ਅਧਿਕਾਰੀ ਬਣਨਗੇ। ਸੋਈ ਬਚ ਕੇ ਉਬਰਨਗੇ ਜੋ ਸਚੇ ਸਤਿਗੁਰੂ ਦੇ ਸੇਵਕ ਸਿਖ ਹੋ ਕੇ



www.AKJ.Org

ਵਾਹਿਗੁਰੂ ਨਾਮ ਨਾਲਿ ਲਿਵ ਲਾਉਣਗੇ । ਯਥਾ ਗੁਰਵਾਕ :--

ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ । ਜਿ ਸਤਿਗੁਰ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ [ਪੰਨਾ ੬੫

ਜੋ ਸੰਸਾਰੀ ਪੁਰਸ਼ ਜ਼ਾਹਰਾ ਤੌਰ ਤੇ ਸਰੀਰ ਕਰਕੇ ਸੁਖੀ ਦਿਸਦੇ ਹਨ, ਉਹਨਾਂ ਦੀ ਕਾਇਆ ਭੀ ਅਰੋਗ ਅਤੇ ਛਿਦਰਹੀਣ ਜਾਪਦੀ ਹੈ, ਮਨ ਕਰਕੇ ਭੀ ਉਹਨਾਂ ਤੇ ਕੋਈ ਕਾੜ੍ਹਾ ਅੰਦੇਸਾ ਅਤੇ ਸੋਗ ਰੋਗ ਵਿਆਪਿਆ ਨਹੀਂ ਜਾਪਦਾ, ਦੁਨੀਆ ਦੇ ਐਸ੍ਵਰਜ ਤੇ ਭੀ ਉਹਨਾਂ ਨੇ ਖਾਸਾ ਜੱਫਾ ਮਾਰਿਆ ਹੈ, ਜੋਅਹੁ ਨਿਰਸੰਕ ਹੋ ਕੇ ਸਭ ਕਾਸੇ ਤੇ ਜਿਨ੍ਹਾਂ ਕਬਜ਼ਾ ਕੀਤਾ ਹੋਇਆ ਹੈ, ਪਰ ਜੇਕਰ ਉਹਨਾਂ ਦੇ ਪਾਰਬ੍ਰਹਮ (ਵਾਹਿਗੁਰੂ) ਕਦੇ ਚੇਤੇ ਨਹੀਂ ਆਇਆ ਤਾਂ ਉਹਨਾਂ ਨੇ ਅਗੇ ਜਾ ਕੇ ਅਵੱਸ਼ ਜਮ-ਕੰਕਰਾਂ ਦੇ ਵਸਿ ਪੈਣਾ ਹੈ, ਪਏ ਬਾਝ ਨਹੀਂ ਰਹਿਣਾ । ਯਥਾ ਗੁਰਵਾਕ:—

ਕਾਇਆਂ ਰੋਗੁ ਨ ਛਿਦ੍ਰੁ ਕਿਛੁ ਨਾ ਕਿਛੁ ਕਾੜਾ ਸੋਗੁ ॥ ਮਿਰਤੁ ਨ ਆਵੀ ਚਿਤਿ ਤਿਸੁ ਅਹਿਨਿਸਿ ਭੋਗੈ ਭੋਗੁ ॥ ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ ॥ ਚਿਤਿ ਨ ਆਇਓ ਪਾਰਬ੍ਰਹਮੁ ਜਮ ਕੰਕਰ ਵਸਿ ਪਰਿਆ ॥

[ਸਿਰੀਰਾਗੁ ਮ: ੫, ਪੰਨਾ ੭੦

ਜਿਸ ਨੂੰ ਮੌਤ ਭੀ ਚੇਤੇ ਨਹੀਂ ਅਤੇ ਨਿਸੰਕ ਹੋ ਕੇ ਦਿਨ ਰਾਤ ਮਨ-ਭਾਉਂਦੇ ਭੋਗ ਭੋਗਦਾ ਹੈ, ਪਰ ਨਿਮਖ ਭੀ ਭੋਗਾਂ ਦੇ ਦਾਤੇ ਸਿਰਜਨਹਾਰ ਵਾਹਿਗੁਰੂ ਨੂੰ ਨਹੀਂ ਸਿਮਰਦਾ, ਉਸ ਨੇ ਅਗੇ ਜਾ ਕੇ ਜਮ-ਕੰਕਰ ਦੇ ਵਸਿ ਪੈਣਾ ਹੈ, ਪਰ ਜ਼ਰੂਰ ਪੈਣਾ ਹੈ। ਅਗਲੇ ਗੁਰਵਾਕ ਅੰਦਰ ਏਸ ਪਰਕਾਰ ਦਾ ਸੋਝਲਾ ਮਿਲਦਾ ਹੈ । ਯਥਾ ਗੁਰਵਾਕ—

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥ ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥ ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥...

ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ ॥ ਸਭ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ ॥ [ਪਹਿਰੇ ਸਿਰੀ ਰਾਗੁ, ਪੰਨਾ ੭੬

ਸਚੀ ਵਥ ਵਣਜਣ ਆਏ ਜਗਿਆਸੂ ਵਣਜਾਰੇ ਮਾਨੁਖ ਨੂੰ. ਸਨਮੁਖ ਕਰ ਕੇ ਉਚਰਦੇ ਹਨ ਗੁਰੂ ਸਾਹਿਬ । ਸੱਚੀ ਵੱਥ ਵਣਜਣ ਆਏ ਦੇਖੋ ਕਿਵੇਂ ਓੜਕ ਖ਼ਾਲੀ ਜਾਂਦੇ ਹਨ। ਸਾਰੀ ਉਮਰ ਹੋਰ ਹੀ ਹੋਰ ਬਿਖਿਆ ਵਸਤੂਆਂ ਨੂੰ ਵਿਹਾਜਣ ਵਿਚਿ ਖੱਚਤ ਰਹਿਣ ਵਾਲਿਆਂ ਨੂੰ ਉਦੋਂ ਹੀ ਪਤਾ ਲਗਦਾ ਹੈ ਜਦੋਂ ਸਿਰ ਤੇ ਕਾਲ ਆ ਜਾਂਦਾ ਹੈ, ਮਰਨ ਪਹਿਰੇ ਹੋਏ ਪ੍ਰਾਣੀ ਦੇ ਪ੍ਰਾਣ ਹਿਰਨ ਲਈ ਜਦੋਂ ਜਮਦੂਤ ਆਉਂਦੇ ਹਨ, ਜੋ ਉਸ ਦੇ ਚਿਤ-ਚੇਤੇ ਭੀ ਨਹੀਂ ਹੁੰਦਾ। ਵਾਹਿਗੁਰੂ ਚਿਤ ਆਉਣ ਦਾ ਤੱਤ ਭਾਉ ਉਸ ਨੂੰ ਕੀ ਮਿਲਣਾ ਸੀ, ਉਸ ਨੂੰ ਤਾਂ ਚਲਣ ਚਿਤ ਆਉਣ ਦੀ ਖ਼ਬਰ ਭੀ ਨਹੀਂ ਮਿਲਣੀ ਪਾਉਂਦੀ ਅਤੇ ਜਮਦੂਤ ਉਸ ਨੂੰ ਪਕੜਿ ਚਲਉਂਦੇ ਹਨ।

ਸਾਰੀ ਅਵਰਦਾ ਬਿਰਥੀ ਗਵਾਵਣਹਾਰੇ ਮੂੜ੍ਹੇ ਅੰਧਲੇ ਮਾਨੁਖ, ਤੂੰ ਅੰਤ ਕਾਲਿ ਪਛਤਾਵੇਂਗਾ, ਜਦੋਂ ਜਮ ਨੇ ਆ ਕੇ ਤੈਨੂੰ ਪਕੜ ਚਲਾਉਣਾ ਹੈ। ਜੋ ਪਦਾਰਥ ਸਾਂਭ ਸਾਭ ਕੇ, ਆਪਣਾ ਥਾਪ ਕੇ, ਇਕੱਠਾ ਕਰ ਕੇ ਰਖਿਆ ਹੋਇਆ ਹੈ ਉਹ ਖਿਨ ਮਹਿ ਪਰਾਇਆ ਹੋ ਜਾਣਾ ਹੈ। ਇਕ ਤਸੂ ਭੀ ਸੰਗ ਨਹੀਂ ਚਲਣਾ, ਜਿਸ ਦੀ ਖ਼ਾਤਰ ਸਾਰੀ ਉਮਰ ਖਪਿ ਖਪਿ ਮਰਦਾ ਰਿਹਾ ਹੈਂ।

ਆਯੂ ਆਵਰਦਾ ਦੇ ਭਰ ਜੁਆਨੀ ਦੇ ਪਹਿਰੇ ਤਾਂ ਐਸੀਆ ਲਹਿਰਾਂ ਵਜਦੀਆਂ ਹਨ ਕਿ ਅਹੰਮੇਵ ਦੇ ਮਨਮਤੇ ਨੂੰ ਬੁਰਾ ਭਲਾ ਸੁਝਦਾ ਹੀ ਨਹੀਂ, ਬੁਰੇ. ਭਲੇ ਦੀ ਤਮੀਜ਼ ਹੀ ਨਹੀਂ ਰਹਿੰਦੀ, ਪਰੰਤੂ ਗੁਰੂ ਸਾਹਿਬ ਅਗਲੇ ਗੁਰਵਾਕ ਅੰਦਰ ਐਸੇ ਅਹੰਮਵੇ-ਮੱਤੇ ਪ੍ਰਾਣੀ ਨੂੰ ਖ਼ਬਰਦਾਰ ਕਰਦੇ ਹਨ, ਹੇ ਪ੍ਰਾਣੀ! ਅਗੇ ਪੰਥ ਕਰਾਰਾ ਅਤੇ ਬੜਾ ਹੀ ਬਿਖੜਾ ਹੈ, ਪੂਰਾ ਸਤਿਗੁਰੂ (ਵਾਹਿਗੁਰੂ) ਤੈਂ ਕਦੇ ਚੇਤਿਆ ਨਹੀਂ, ਸਿਰ ਤੇ ਤੇਰੇ ਜੰਮ ਜੰਦਾਰ ਖੜਾ ਹੈ, ਜਿਸ ਦਾ ਦੰਡ ਤੈਨੂੰ ਅਵੱਸ਼



www.AKJ.Org

ਸਹਿਣਾ ਪਵੇਗਾ। ਯਥਾ ਗੁਰਵਾਕ—

ਦੂਜੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਿਰੀ ਦੇਇ ॥ ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥ ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ ॥ ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ ॥

[ਸਿਰੀਰਾਗੁ ਮ: ੫, ਪੰਨਾ ੭੭

ਜਦੋਂ ਹੁਕਮ ਚਲਾਣੇ ਦਾ ਧੁਰੋਂ ਗੋਬਿੰਦ ਦੀ ਦਰਗਾਹੋਂ ਲਿਖਿਆ ਆਇਆ ਤਾਂ ਪ੍ਰਾਣੀ ਨੂੰ ਅਵੱਸ਼ ਉਠ ਚਲਣਾ ਪੈਂਦਾ ਹੈ ਉਹਨਾਂ ਦੇ ਸਾਥ, ਜੋ ਲੈ ਜਾਣ ਦੀ ਕਮਾਣ (ਹੁਕਮ ਓੜਕੀ) ਲੈ ਕੇ ਆਏ ਹਨ, ਅਰਥਾਤ ਜਮਦੂਤ, ਭਾਵ ਜਮਦੂਤਾਂ ਦੇ ਨਾਲ ਜ਼ਰੂਰੀ ਬਧੇ ਜਾਣਾ ਪੈਂਦਾ ਹੈ। **ਅਸੀਂ ਅਨੇਕਾਂ ਜਾਂਦੇ ਡਿੱਠੇ ਹਨ।**

ਇਕ ਰਤੀ ਭਰ ਭੀ ਠਹਿਰਣ ਅਟਕਣ ਦੀ ਇਜਾਜ਼ਤ ਨਹੀਂ ਦੇਣੀ ਉਹਨਾਂ ਜਮਦੂਤਾਂ ਨੇ, ਜਿਨ੍ਹਾਂ ਨੇ ਤਕੜੇ ਹਥ ਪਾ ਕੇ ਵਾਟ ਵਟਾਊ ਆਏ ਚਲਾਊ ਪ੍ਰਾਣੀ ਨੂੰ ਪਕੜਿਆ ਹੋਇਆ ਹੁੰਦਾ ਹੈ। ਯਥਾ ਗੁਰਵਾਕ—

ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ ॥ ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥

[ਸਿਰੀ ਰਾਗੁ ਮ: ੫, ਪੰਨਾ ੭੮

ਜਿਨ੍ਹਾਂ ਵਣਜਾਰਿਆਂ ਮਿਤ੍ਰਾਂ ਨੇ ਨਾਮ ਦੀ ਖੇਪ ਸੁਵੱਲੀ ਲਦੀ ਹੁੰਦੀ ਹੈ ਤਿਨ੍ਹਾਂ ਨੇ ਹਰੀ ਦਰਗਾਹ ਅੰਦਰ ਜਾ ਕੇ ਨਿਹਚਲ ਥਾਉਂ ਮਲ ਲੈਣੀ ਹੈ ਅਤੇ ਆਪਣਾ ਪੱਕਾ ਆਸਣ ਜਮਾ ਲੈਣਾ ਹੈ। ਓਥੇ ਵਾਹਿਗੁਰੂ ਦੇ ਦਰ-ਦਰਵਾਜ਼ੇ ਪੁਜ ਕੇ ਭੀ ਅਲਖ ਅਭੇਵ ਵਾਹਿਗੁਰੂ ਦੀ ਸੇਵਾ ਸਿਮਰਨ ਭਗਤੀ ਕਰਨੋਂ ਤਿਨ੍ਹਾਂ ਨੇ ਨਹੀਂ ਟਲਣਾ। ਤਿਥੇ ਤਿਨ੍ਹਾਂ ਨੂੰ ਨਾ ਜਨਮ ਮਰਨ ਹੈ ਨਾ ਆਵਾ ਗਉਣ ਦਾ ਫਿਕਰ ਹੈ। ਸਾਰੇ ਹੀ ਦੂਖ ਸੰਸੇ ਤਿਨ੍ਹਾਂ ਦੇ ਮਿਟ ਗਏ ਹਨ। ਨਾਮ-ਕਮਾਈਆਂ ਕਰਿ ਸੰਸੇ ਦੂਖ ਮਿਟਾ ਲਏ ਹਨ। ਕਰਤੇ ਪੁਰਖ ਨੇ ਮਿਟਾ ਦਿਤੇ ਹਨ ਸਭ ਸੰਸੇ ਦੂਖ ਤਿਨ੍ਹਾਂ ਦੇ। ਤਿਨ੍ਹਾਂ ਖੇਪ-ਸੁਵੱਲੀ ਲੱਦ ਕੇ ਲੈ ਚਲਿਆਂ ਨੂੰ ਅਗੇ ਜਾ ਕੇ ਕਿਸੇ ਨੇ ਹੋੜਨਾ ਹੁੜਕਨਾ ਨਹੀਂ। ਨਾ ਜਮ ਜਾਗਾਤੀ ਨੇ ਨੇੜੇ ਆਉਣਾ ਹੈ। ਨਾ ਚਿਤਰ ਗੁਪਤ ਦੀ ਉਥੇ ਕੁਝ ਸੁਣਾਈ ਹੋਣੀ ਹੈ। ਜਮਦੂਤਾਂ ਦੀ ਕੋਟੀ ਵਾਹ ਨਹੀਂ ਚਲਣੀ। ਚਿਤਰ ਗੁਪਤ ਦਾ ਲਿਖਿਆ ਹੋਇਆ ਲੇਖ, ਲਿਖਤੀ ਕਾਗਦ ਹੀ ਫਾੜਿਆ ਜਾਣਾ ਹੈ। ਇਸ ਕਰਕੇ ਗੁਰੂ ਸਾਹਿਬ ਬੜੇ ਪਿਆਰ ਨਾਲ ਸੱਚੀ ਖੇਪ ਨਾਮ ਦੀ ਐਥੋਂ ਲੱਦ ਕੇ ਲੈ ਚਲਣ ਲਈ ਸੁਭ ਸਿਖਸ਼ਾ ਦਿੰਦੇ ਹਨ। ਯਥਾ ਗੁਰਵਾਕ—

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ ॥ ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥ ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣ ਪਾਇਆ ॥ ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥ ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥ ਨਾਨਕ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥

[ਸਿਰੀ ਰਾਗੁ ਛੰਤ ਮ: ੫, ਪੰਨਾ ੭੯

ਇਸ ਗੁਰਵਾਕ ਅੰਦਰ ਬੜੇ ਪ੍ਰੇਮ ਪਿਆਰ ਨਾਲ ਸੱਚੀ ਸਿਖਿਆ ਦਿਤੀ ਗਈ ਹੈ। ਕੋਈ ਰੋਚਕ ਭਿਆਨਕ ਡਰ ਨਹੀਂ ਦਿਤਾ ਗਿਆ। ਵਾਹਿਗੁਰੂ ਦੇ ਨਾਮ ਦੀ ਸੁਵੱਲੀ ਖੇਪ ਲਦਿ ਲੈ ਚਲਣ ਨਾਲ ਅਗੇ ਜਾ ਕੇ ਜਮਦੂਤਾਂ ਦਾ ਕੁਝ ਵਸ ਨਹੀਂ ਚਲਦਾ, ਨਾ ਹੀ ਚਿਤਰ ਗੁਪਤ ਦੀ ਗਵਾਹੀ ਲੈਣੀ ਪੈਂਦੀ ਹੈ। ਤਾਂਤੇ ਜਮਦੂਤਾਂ ਚਿਤਰ ਗੁਪਤ ਦਾ ਹੋਣਾ ਸਹੀ ਸਿਧ ਹੋਇਆ। ਚਿਤਰ ਗੁਪਤ ਐਸੀਆਂ ਗੁਪਤ ਅਤੇ ਅਦ੍ਰਿਸ਼ਟ ਵਿਅੱਕਤੀਆਂ ਹਨ ਜੋ ਹਰੇਕ ਪ੍ਰਾਣੀ ਦੇ ਕੀਤੇ ਕਰਮਾਂ ਦਾ ਲੇਖਾ ਨਾਲੋ ਨਾਲ ਲਿਖਦੀਆਂ ਰਹਿੰਦੀਆਂ ਹਨ। ਇਕ ਡੱਕਾ ਭੀ ਉਨ੍ਹਾਂ ਦੇ ਇਲਮ ਤੋਂ ਬਾਹਰ ਨਹੀਂ ਰਹਿੰਦਾ ਕੀਤੇ ਕਰਮਾਂ ਦਾ। ਪਰ ਨਿਸਚੇ ਕਰ ਜਾਣੋ ਕਿ ਇਹ ਵਿਅੱਕਤੀਆਂ ਜਮਦੂਤ ਅਤੇ ਚਿਤਰ-ਗੁਪਤ ਹੈਨ ਸਹੀ, ਜ਼ਰੂਰ, ਪਰ ਨਾਮ ਜਪਣਹਾਰਿਆਂ



www.AKJ.Org

ਦਾ ਓਹ ਤਸੂ ਭੀ ਨਹੀਂ ਵਿਗਾੜ ਸਕਦੀਆਂ । ਚਿਤਰ ਗੁਪਤ ਦੇ ਲੇਖਿਆਂ ਵਾਲਾ ਕਾਗਦ ਫਾੜਿਆ ਜਾਂਦਾ ਹੈ । ਜਮਦੂਤਾਂ ਦੀ ਉਥੇ ਚਲਦੀ ਕੁਝ ਨਹੀਂ । ਸੁਵੱਲੀ ਖੇਪ ਲੱਦ ਲੈ ਚਲਿਆਂ ਨੂੰ ਸਦਾ ਫ਼ਰਾਗ਼ਤ ਹੀ ਫ਼ਰਾਗਤ ਹੈ ਅਤੇ ਸਰਪਰ ਸੁਰਖ਼ਰੂਈ ਹੈ।

ਤਾਂ ਤੇ ਜਿਨ੍ਹਾਂ ਗੁਰਮੁਖਾਂ ਨੇ ਸੰਸਾਰ-ਯਾਤਰਾ ਵਿਖੇ ਵਾਹਿਗੁਰੂ ਦਾ ਨਾਮ ਮਨ ਬਚਨ ਕਰਮ ਕਰ ਕੇ ਅਰਾਧਿਆ ਹੈ ਤਿਨ੍ਹਾਂ ਨੇ ਤਾਂ ਸੁਖੈਨ ਹੀ ਭਉਜਲ-ਸੰਸਾਰ ਤਰਿਆ ਹੈ । ਪਰ ਮਨਮੁਖਾਂ ਨੂੰ ਜਮ-ਜੰਦਾਰ ਦੀ ਮਾਰ ਜ਼ਰੂਰ ਪਵੇਗੀ, ਕਿਉਂਕਿ ਓਹਨਾਂ ਨੇ ਵਾਹਿਗੁਰੂ ਦਾ ਹੁਕਮ ਨਾਮ ਜਪਣ ਦਾ ਨਹੀਂ ਜਾਣਿਆ ਤੇ ਸਾਰੀ ਉਮਰ ਨਾਮ ਨਹੀਂ ਜਪਿਆ । ਅਗਲੇ ਗੁਰਵਾਕ ਵਿਖੇ ਤਾੜਨਾ ਸਹਿਤ ਸਿਖਿਆ ਦਿਤੀ ਜਾਂਦੀ ਹੈ ਕਿ ਹੇ ਮੂੜ੍ਹ ਮਨਮੁਖ ਪ੍ਰਾਣੀ ! ਤੂੰ ਫੇਰ ਪਛਤਾਵੇਂਗਾ । ਤੂੰ ਹੁਣ ਕਿਹੜੀ ਕੁਮੱਤ, ਭ੍ਰਮਣੀ ਮਤਿ ਵਿਚ ਲਗਾ ਹੋਇਆ ਹੈਂ । ਰਾਮ ਨਾਮ ਦਾ ਚਿੰਤਨ ਸਿਮਰਨ ਕਰ, ਨਹੀਂ ਤਾਂ ਜ਼ਰੂਰ ਜਮਪੁਰੀ ਨੂੰ ਜਾਵੇਂਗਾ । ਯਥਾ ਗੁਰਵਾਕ :—

ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥ ਚੇਤਿ ਰਾਮੁ ਨਾਹੀ ਜਮਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥

[ਸਿਰੀ ਰਾਗੁ ਬੇਣੀ ਜੀਉ, ਪੰਨਾ ੯੩

ਹਾਂ ਜਿਨ੍ਹਾਂ ਨੇ ਐਸਾ ਸਿਮਰਨ ਕੀਤਾ ਹੈ ਵਾਹਿਗੁਰੂ ਨਾਮ ਦਾ, ਕਿ ਸਾਰੀ ਉਮਰ ਹੀ ਨਾਮ ਸਿਮਰ ਕੇ ਵਾਹਿਗੁਰੂ ਦੇ ਗੁਣ ਗਾਵਣ ਵਿਚ ਬਤੀਤ ਕੀਤੀ, ਤਿਨ੍ਹਾਂ ਦੀ ਸਾਚੀ ਪ੍ਰੀਤ ਲਗੀ ਹੋਈ ਕਦੇ ਟੁਟੀ ਨਹੀਂ । ਅੰਤਰਿ ਬਾਹਰਿ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਹੀ ਪੇਖਦੇ ਹਨ । ਤਿਨ੍ਹਾਂ ਦੀ ਜਮ ਦੀ ਫਾਹੀ ਕਟੀ ਗਈ । ਜਮ-ਫਾਂਸ ਤਿਨ੍ਹ ਗਲੇ ਪੈਂਦੀ ਹੀ ਨਹੀਂ । ਜੇ ਪਹਿਲਾਂ ਲਿਖਤ ਹੋਈ ਸੀ, ਤਦ ਭੀ ਕਟੀ ਗਈ ਹੈ । ਯਥਾ ਗੁਰਵਾਕ :—

ਲਾਗੀ ਪ੍ਰੀਤਿ ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥ ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥

[ਮਾਝ ਮਃ ੫, ਪੰਨਾ ੧੦੫

ਜਿਹੜੇ ਮੁਗਧ ਅੰਧਲੇ ਗਵਾਰ ਨਰ ਸਤਿਗੁਰੂ ਦੀ ਦੀਖਿਆ ਲੈ ਕੇ ਉਸ ਦੇ ਸੇਵਕ ਸਿਖ ਨਹੀਂ ਬਣਦੇ ਅਤੇ ਨਾਮ ਨਹੀਂ ਸਿਮਰਦੇ ਉਹਨਾਂ ਨੂੰ ਫੇਰ ਕਿਥੋਂ ਮੋਖ ਦੁਆਰਾ ਪਦਵੀ ਮਿਲਣੀ ਹੈ । ਬਸ ਉਹਨਾਂ ਨੇ ਤਾਂ ਮੁੜਿ ਮੁੜਿ ਮਰਨਾ ਜੰਮਣਾ ਅਤੇ ਫਿਰਿ ਫਿਰਿ ਆਉਣਾ ਜਾਣਾ ਹੀ ਹੈ ਅਤੇ ਜਮਦਰ ਚੋਟਾਂ ਹੀ ਖਾਣੀਆਂ ਹਨ । ਯਥਾ ਗੁਰਵਾਕ :—

ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥ ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥ ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮਦਰਿ ਚੋਟਾ ਖਾਵਣਿਆ ॥ [ਮਾਝ ਮਃ ੩, ਪੰਨਾ ੧੧੫

ਨਾਮ ਤੋਂ ਭੁਲਿਆਂ ਨੂੰ ਜਮ ਜ਼ਰੂਰ ਸਜ਼ਾਈਂ ਦਿੰਦਾ ਹੈ । ਦੂਜੇ ਭਾਇ ਲਗਿਆਂ ਨੂੰ ਜਮ ਦਾਂ ਜਗਾਤ, ਡੰਡ ਜ਼ਰੂਰ ਲਗਦਾ ਹੈ । ਨਾਵਹੁ ਭੁਲਿਆਂ ਦਾ ਰਤੀ ਮਾਸਾ ਮਾਸਾ ਭਰ ਦਾ ਤੋਲ ਤੋਲ ਕੇ ਲੇਖਾ ਲਿਆ ਜਾਣਾ ਹੈ ਅੱਗੇ ਚੱਲ ਕੇ । ਯਥਾ ਗੁਰਵਾਕ :—

ਜਮੁ ਜਾਗਾਤੀ ਦੂਜੈ ਭਾਇ ਕਰੁ ਲਾਇ ॥ ਨਾਵਹੁ ਭੂਲੇ ਦੇਇ ਸਜਾਇ ॥ ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥

[ਮਾਝ ਮਃ ੩, ਪੰਨਾ ੧੨੦

ਦੇਖਿਆ ! ਘੜੀ ਮੁਹਤ ਦੇ ਭੀ ਜ਼ਰਾ ਜਿੰਨੇ ਲੇਖੇ ਲਏ ਜਾਂਦੇ ਹਨ ਅਗੇ ਚਲ ਕੇ । ਕਿਸੇ ਦੀ ਰਿਆਇਤ ਨਹੀਂ ਹੁੰਦੀ, ਸਿਵਾਏ ਨਾਮ ਜਪਣ ਵਾਲਿਆਂ ਦੇ, ਤਿਨ੍ਹਾਂ ਨੂੰ ਕੋਈ ਪੁਛਦਾ ਹੀ ਨਹੀਂ । ਨਾ ਕੋਈ ਲੇਖਾ ਲੈਂਦਾ ਹੈ । ਜਮ ਜੰਦਾਰ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ ।

ਅਗਲੇ ਗੁਰਵਾਕ ਅੰਦਰ ਕਿਆ ਸੋਹਣਾ ਵਰਨਣ ਹੈ, ਨਾਮ ਸਮਾਲਣ ਵਾਲਿਆਂ ਦੀ ਦਸ਼ਾ ਦਾ, ਕਿ ਉਹਨਾਂ ਨੂੰ ਕਦੇ ਜਮੂਆ ਨਹੀਂ ਲੱਗਦਾ । ਯਥਾ ਗੁਰਵਾਕ :—

ਨਿਤ ਨਿਤ ਦਯੁ ਸਮਾਲੀਐ ॥ ਮੂਲਿ ਨ ਮਨਹੁ ਵਿਸਾਰੀਐ ॥ਰਹਾਉ॥ ਸੰਤਾ ਸੰਗਤਿ ਪਾਈਐ ॥ ਜਿਤੁ ਜਮ ਕੈ ਪੰਥਿ ਨ ਜਾਈਐ ॥ ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥੧॥ ਜੋ ਸਿਮਰੰਦੇ ਸਾਂਈਐ ॥ ਨਰਕਿ ਨ



www.AKJ.Org

ਸੋਈ ਪਾਈਐ ॥ ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥੨॥

[ਮਾਝ ਮ: ੫, ਪੰਨਾ ੧੩੨

ਭਾਵ—ਦਾਤਾਰ ਵਾਹਿਗੁਰੂ ਨੂੰ ਜੋ ਜਨ ਨਿਤਿ ਨਿਤਿ ਤੇ ਸੁਆਸਿ ਸੁਆਸਿ ਸਿਮਰਨ ਕਰਿ ਸੰਮਾਲਦੇ ਹਨ ਅਤੇ ਮਨ ਤੋਂ ਮੂਲੋਂ ਨਹੀਂ ਵਿਸਾਰਦੇ ਤੇ ਸੰਤਾਂ ਦੀ ਸੰਗਤ ਵਿਚ ਵਾਸਾ ਰਖਦੇ ਹਨ, ਸਾਰੀ ਉਮਰ ਦਾ ਤੋਸਾ ਹੀ ਵਿਹਾਜਦੇ ਹਨ, ਸੇ ਜਨ ਜਮ ਦੇ ਪੰਥਿ ਨਹੀਂ ਜਾਂਦੇ। ਤਿਨ੍ਹਾਂ ਦੀ ਕੁਲ ਨੂੰ ਭੀ ਲੀਕ ਨਹੀਂ ਲਗਦੀ। ਸਾਈਂ ਨੂੰ ਸਦ-ਸਦਾ ਸਿਮਰਨਹਾਰੇ ਨਰਕਾਂ ਵਿਚ ਨਹੀਂ ਪੈਂਦੇ, ਨਾ ਹੀ ਪਾਏ ਜਾਂਦੇ ਹਨ। ਉਨ੍ਹਾਂ ਨੂੰ ਤਤੀ ਵਾਉ ਨਹੀਂ ਲਗਦੀ। ਤਿਨ੍ਹਾਂ ਦੇ ਮਨ ਵਿਚ ਆਪ ਵਾਹਿਗੁਰੂ ਆ ਕੇ ਵੁਠਦਾ ਹੈ, ਜੋ ਅਨਦਿਨ ਵਾਹਿਗੁਰੂ ਨਾਮ ਦਾ ਹੀ ਸਿਮਰਨ ਕਰਦੇ ਹਨ। ਬਾਰਹ-ਮਾਹਾ ਮਾਝ ਵਿਖੇ ਭੀ ਗੁਰੂ ਪੰਚਮ ਪਾਤਸ਼ਾਹ 'ਜਮਾਂ' ਬਾਰੇ ਇਉਂ ਉਚਾਰਨ ਕਰਦੇ ਹਨ। ਯਥਾ ਗੁਰਵਾਕ—

ਦੂਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥ [ਪੰਨਾ ੧੩੪

ਭਾਵ—ਵਾਹਿਗੁਰੂ ਨਾਮ ਨੂੰ ਛਡ ਕੇ ਜਿਹੜੀ ਦੂਜੇ ਭਾਵ ਦੀ ਪ੍ਰਸਤਸ਼ ਹੈ ਉਸ ਵਿਚ ਵਿਗੋਚਾ ਹੀ ਵਿਗੋਚਾ ਹੈ। ਦੂਜੇ ਭਾਵ ਵਿਚ ਪਰਵਿਰਤ ਹੋਇ ਪ੍ਰਾਣੀਆਂ ਦੇ ਗਲ ਵਿਚ ਜਮ ਦੀ ਫਾਸ ਜ਼ਰੂਰ ਪੈਂਦੀ ਹੈ। ਅਗੇ ਜਾ ਕੇ ਸੋਈ ਵਢਣਾ ਪੈਣਾ ਹੈ ਜਿਹਾ ਕਿਸੇ ਨੇ ਬੀਜ ਬੀਜਿਆ ਹੈ, ਤੇਹਾ ਹੀ ਫਲ ਉਸ ਨੂੰ ਮਿਲਦਾ ਹੈ। ਜਦੋਂ ਸਾਰੀ ਉਮਰ ਰੂਪੀ ਰੈਣ ਐਵੇਂ ਹੀ ਵਿਹਾ ਜਾਂਦੀ ਹੈ ਤਾਂ ਫੇਰ ਪਛਤਾਵਾ ਹੀ ਹਥਿ ਰਹਿ ਜਾਂਦਾ ਹੈ। ਪਰ ਫੇਰ ਪਛੁਤਾਏ ਕੀ ਬਣਦਾ ਹੈ, ਨਿਰਾਸੇ ਹੀ ਉਠ ਸਿਧਾਉਣਾ ਹੁੰਦਾ ਹੈ। ਦਰਗਾਹ ਅੰਦਰ ਤਿਨ੍ਹਾਂ ਦੀ ਹੀ ਬੰਦ-ਖਲਾਸੀ ਹੁੰਦੀ ਹੈ ਜਿਨ੍ਹਾਂ ਨੇ ਮਾਨੁਖ ਜਨਮ ਧਾਰ ਕੇ ਗੁਰੂ ਨਾਨਕ ਸਾਧ ਰੂਪ ਨੂੰ ਭੇਟਿਆ ਹੁੰਦਾ ਹੈ, ਅਰਥਾਤ ਗੁਰੂ ਘਰ ਵਿਚ ਆ ਕੇ ਗੁਰ ਦੀਖਿਆ ਲਈ ਹੋਈ ਤੇ ਕਮਾਈ ਹੋਈ ਹੁੰਦੀ ਹੈ। ਭਾਦੋਂ ਦੇ ਮਹੀਨੇ ਵਿਚ ਇਉਂ ਉਚਾਰਨ ਉਚਾਰਿਆ ਮਿਲਦਾ ਹੈ :—

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥ ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰ ਰਖਣ ਵਾਲਾ ਹੇਤੁ ॥

[ਪੰਨਾ ੧੩੪

ਭਾਵ—ਦੇਹੀ ਦੇ ਬਿਨਸਣ ਨਾਲ ਹੀ ਪ੍ਰਾਣੀ ਨੂੰ ਪ੍ਰੇਤ ਕਹਿਣ ਲਗ ਜਾਂਦੇ ਹਨ। ਜੀਵ ਨੂੰ ਪਕੜ ਕੇ ਜਮ ਲੈ ਜਾਂਦੇ ਹਨ। ਦੇਹੀ ਡਰਾਉਣੀ ਹੋ ਜਾਂਦੀ ਹੈ। ਦੇਹੀ ਨੂੰ ਦੇਖ ਦੇਖ ਕੇ ਹੀ ਲੋਕਾਂ ਨੂੰ ਡਰ ਲਗਣ ਲਗ ਜਾਂਦਾ ਹੈ ਅਤੇ ਪਿਆਰੀ ਲਗਣ ਵਾਲੀ ਦੇਹ ਪ੍ਰੇਤ ਸਮਾਨ ਪਰਤੀਤ ਹੁੰਦੀ ਹੈ। ਉਸ ਦੇ ਪਿਆਰਿਆਂ ਨੂੰ ਭੀ ਜੀਵ ਦੀ ਗਤੀ ਦਾ ਭੇਤ ਨਹੀਂ ਲਗਦਾ। ਕਿਸੇ ਨੂੰ ਭੀ ਨਹੀਂ ਲਗਦਾ ਕਿ ਜਮਦੂਤ ਲੈ ਗਏ ਹਨ ਉਸ ਨੂੰ ਫੜਕੇ। ਜੇ ਪਤਾ ਲਗ ਭੀ ਜਾਵੇ ਤਾਂ ਕਿਸੇ ਨੇ ਕੀ ਕਰ ਲੈਣਾ ਹੈ। ਪਰ ਪੱਕ ਗੱਲ ਇਹ ਹੈ ਕਿ ਜੀਵ ਨੂੰ ਜਮਦੂਤ ਜ਼ਰੂਰ ਫੜ ਕੇ ਲੈ ਜਾਂਦੇ ਹਨ ਅਤੇ ਛੁਟੜ ਦੇਹੀ ਨੂੰ, ਜੀਵ ਤੋਂ ਛੁਟੜ ਦੇਹੀ ਨੂੰ ਉਹ ਸੰਸਾਰੀ ਸਬੰਧੀ ਭੀ ਖਿਨ ਵਿਚ ਹੀ ਛਡ ਬਹਿੰਦੇ ਹਨ, ਜਿਨ੍ਹਾਂ ਦਾ ਕਿ ਜੀਉਂਦੇ-ਜੀ ਇਸ ਦੇਹੀ ਨਾਲ ਹਿਤ ਪਿਆਰ ਲੱਗਾ ਹੋਇਆਂ ਸੀ। ਜੀਵ ਦੇਹੀ ਵਿਚੋਂ ਨਿਕਲ ਜਾਂਦਾ ਹੈ ਤਾਂ ਨਿਕਲਣ ਸਮੇਂ ਸਰੀਰ ਪਹਿਲਾਂ ਸਿਆਹ ਕਾਲਾ ਹੋ ਜਾਂਦਾ ਹੈ ਅਤੇ ਫੂਕ ਨਿਕਲਣ ਸਾਰ ਹੀ ਸਿਆਹਹੁ ਸੇਤ ਬੱਗਾ ਹੋ ਜਾਂਦਾ ਹੈ। ਸੋ ਅਗੇ ਜਾ ਕੇ ਦੇਹੀ ਵਿਚੋਂ ਨਿਕਲਿਆ ਜੀਵ ਤੇਹਾ ਹੀ ਲੁਣਦਾ ਹੈ ਜਿਹਾ ਬੀਜ ਉਸ ਨੇ ਬੋਇਆ ਹੁੰਦਾ ਹੈ। ਕਰਮਾਂ ਦੇ ਖੇਤ ਦਾ ਫਲ ਨਿਬੇੜਾ ਅਗੇ ਜਾ ਕੇ ਹੁੰਦਾ ਹੈ। ਇਹ ਉਹਨਾਂ ਦਾ ਹਾਲ ਹੁੰਦਾ ਹੈ ਜਿਨ੍ਹਾਂ ਨੇ ਸਾਰੀ ਉਮਰ ਵਾਹਿਗੁਰੂ ਨੂੰ ਵਿਸਾਰ ਛਡਿਆ ਹੁੰਦਾ ਹੈ ਅਤੇ ਨਿਮਖ ਮਾਤ੍ਰ ਭੀ



www.AKJ.Org

ਨਾਮ ਨਹੀਂ ਜਪਿਆ ਹੁੰਦਾ ਅਤੇ ਜਿਨ੍ਹਾਂ ਨੂੰ ਸਤਿਗੁਰੂ ਨੇ ਵਾਹਿਗੁਰੂ ਨਾਮ ਦੇ ਜਹਾਜ਼ ਤੇ ਚਾੜ੍ਹ ਲਿਆ ਹੈ, ਉਹ ਐਥੇ ਉਥੇ ਵਾਹਿਗੁਰੂ ਦੇ ਚਰਨਾਂ ਵਿਚ ਹੀ ਨਿਵਾਸ ਰਖਣ ਵਾਲੇ ਹੋ ਜਾਂਦੇ ਹਨ। ਉਹਨਾਂ ਦੀ ਵਾਹਿਗੁਰੂ ਦੇ ਦਰ ਤੇ ਪੈਜ ਰਖਣ ਵਾਲਾ ਆਪ ਸਤਿਗੁਰੂ ਹੈ। ਉਹ ਨਰਕਾਂ ਵਿਚ ਨਹੀਂ ਪੈਂਦੇ। ਗੁਰੂ ਘਰ ਦੇ ਗੁਰਮੁਖ ਸਾਧ ਜਨਾਂ ਦੀ ਸੰਗਤ ਤੋਂ ਵਾਂਝੀਆਂ ਜੀਵ-ਆਤਮਾਵਾਂ ਅਗੇ ਜਾ ਕੇ ਇਕੱਲੜੀਆਂ ਹੀ ਭਰਮਦੀਆਂ ਭਟਕਦੀਆਂ ਫਿਰਦੀਆਂ ਹਨ। ਉਹਨਾਂ ਦਾ ਉਥੇ ਕੋਈ ਸੰਗੀ ਸਾਥੀ ਤੇ ਬਾਹਰੂ ਨਹੀਂ ਹੁੰਦਾ। ਬਸ ਅਗੇ ਜਾ ਕੇ ਉਹ ਜਮਾਂ ਦੇ ਵਸਿ ਪੈ ਜਾਂਦੀਆਂ ਹਨ। ਤਿਨ੍ਹਾਂ ਦਾ ਜਮਦੂਤਾਂ ਦੀ ਮਾਰ ਵਾਲਾ ਦੁਖ ਕਦੇ ਨਹੀਂ ਉਤਰਦਾ, ਚਾਹੇ ਕਿਤਨੇ ਹੀ ਕਰਣ-ਪਲਾਵ (ਵਿਰਲਾਪ) ਕਰਨ। ਯਥਾ ਗੁਰਵਾਕ :—

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ [ਪੰਨਾ ੧੩੫

ਤਾਂ ਤੇ ਕੁਸੰਗੀ ਪੁਰਸ਼ਾਂ ਨੂੰ, ਕੁਸੰਗ ਦੀ ਮੈਲ ਨਾਲ ਲਿਬੜੀਆਂ ਹੋਈਆਂ ਰੂਹਾਂ ਨੂੰ ਅਗੇ ਜਾ ਕੇ ਜ਼ਰੂਰ ਜਮ ਦੇ ਵਸਿ ਪੈਣਾ ਪੈਂਦਾ ਹੈ ਅਤੇ ਜਮਾਂ ਦੀ ਅਸਹਿ ਮਾਰ ਦਾ ਦੁਖ ਸਹਿਣਾ ਪੈਂਦਾ ਹੈ। ਤਾਂ ਤੇ ਰਮਤ ਰਾਮ ਸ੍ਰੀ ਵਾਹਿਗੁਰੂ ਦਾ ਨਾਮ ਰਸਨਾ ਕਰਕੇ ਉਚਾਰਨ ਅਤੇ ਮੁਖ ਕਰਕੇ ਜਪਣ ਵਿਚ ਇਕ ਬਿਲਮ ਭੀ ਨਹੀਂ ਲਾਉਣਾ ਚਾਹੀਦਾ। ਸਾਰੀ ਆਯੂ ਨਾਮ ਸਿਮਰਨ ਵਿਚ ਹੀ ਬਿਹਾਉਣੀ ਚਾਹੀਦੀ ਹੈ। ਨਹੀਂ ਤਾਂ ਅਗੇ ਜਾ ਕੇ ਜਮਾਂ ਦੇ ਟੇਟੇ ਚੜ੍ਹਨਾ ਪਊ ਅਤੇ ਜਮ-ਮਾਰਗ ਦਾ ਦੁਖ ਸਹਿਣਾ ਪਊ, ਜਿਥੇ ਜਮਾਂ ਦੇ ਬਿਖਮ ਘਣੇ ਦਲਾਂ ਦੇ ਦਲ ਭਿਆਨਕ ਰੂਪ ਧਾਰ ਕੇ ਖੜੋਤੇ ਹੋਣਗੇ, ਜਿਨ੍ਹਾਂ ਦੇ ਵਸਿ ਪੈ ਕੇ ਨਾਨਾ ਪ੍ਰਕਾਰ ਦੇ ਦੁਖ ਸਹਿਣੇ ਪੈਣਗੇ। ਜਦੋਂ ਦੇਹ ਰੂਪੀ ਮੜ੍ਹੇ ਦੀ ਢਹਿ-ਢੇਰੀ ਹੋ ਜਾਣੀ ਹੈ ਅਤੇ ਜੀਵ ਦੇ ਦੇਹੁਰੇ ਵਿਚ ਲੁਟ ਮਚ ਜਾਣੀ ਹੈ, ਜੀਵ ਜਿੰਦ ਨੂੰ ਦੇਹੁਰੀ ਵਿਚੋਂ ਮਾਰ ਕੇ ਕਢਿਆ ਜਾਣਾ ਹੈ, (ਮੌਤ ਸਮੇਂ) ਪੰਜਾਂ ਦੂਤਾਂ—ਕਾਮ, ਕ੍ਰੋਧ, ਲੋਭ, ਮੋਹੁ, ਅਹੰਕਾਰ ਦਾ ਲੁਟਿਆ ਹੋਇਆ ਦੇਹੁਰਾ ਸੁੰਞਾ ਅਤੇ ਵੈਰਾਨ ਹੋ ਜਾਣਾ ਹੈ। ਜੀਉ ਵਿਚਾਰਾ ਜਮਾਂ ਦੇ ਵਸਿ ਪੈ ਕੇ ਪਕੜਿਆ ਜਾਣਾ ਹੈ। ਵਿਚਾਰੀ ਜਿੰਦੜੀ ਇਕੇਲੀ ਨੂੰ ਹੀ ਸਿਰ ਤੇ ਬਣੀਆਂ ਸਹਿਣੀਆਂ ਪੈਣੀਆਂ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਰੂਪੀ ਪੰਜਾਂ ਦੂਤਾਂ ਨੇ ਤਾਂ ਉਸੇ ਵੇਲੇ ਹੀ ਅਲੱਗ ਭੱਜ ਜਾਣਾ ਹੈ ਜਦੋਂ ਜਮ ਦਾ ਡੰਡਾ ਜੀਵ ਦੇ ਸਿਰ ਤੇ ਵਰ੍ਹਨਾ (ਵਰਸਣਾ) ਹੈ ਅਤੇ ਸੰਗਲ ਜਮਾਂ ਦਾ ਜੀਵ ਦੇ ਗਲੇ ਵਿਚ ਪੈਣਾ ਹੈ। ਜਿਨ੍ਹਾਂ ਦਾ ਪ੍ਰੇਰਿਆ ਹੋਇਆ ਜੀਵ ਸਾਰੀ ਉਮਰ ਪਾਪ ਕਰਮ ਹੀ ਕਮਾਉਂਦਾ ਰਹਿਆ ਹੈ ਉਨ੍ਹਾਂ ਤਾਂ ਫੇਰ ਨੇੜੇ ਭੀ ਨਹੀਂ ਢੁਕਣਾ। ਜਿਨ੍ਹਾਂ ਦੀ ਖ਼ਾਤਰ ਸਾਰੀ ਉਮਰ ਖੱਚਤ ਹੋ ਕੇ ਖੋਟੀ ਕਮਾਈ ਕਰਦਾ ਰਿਹਾ ਹੈ ਤਿਨ੍ਹਾਂ ਨੇ ਭੀ ਕੋਈ ਸਹਾਇਤਾ ਨਹੀਂ ਕਰ ਸਕਣੀ। ਜਿਸ ਕਾਮਣੀ ਇਸਤ੍ਰੀ ਦੇ ਕਾਮ ਮੋਹ ਵਸਿ ਪਇਆ, ਜਿਹੜੇ ਭੀ ਉਹ ਸੋਨਾ ਚਾਂਦੀ ਆਦਿਕ ਪਦਾਰਥ ਮੰਗਦੀ ਰਹੀ ਹੈ ਉਸ ਦੀ ਲੋੜ ਪੂਰੀ ਕਰਨ ਖ਼ਾਤਰ ਜਿਵੇਂ ਭੀ ਹੋਵੇ, ਚੋਰ ਜੁਆਰੀ ਆਦਿਕ ਖੋਟੀਆਂ ਕਮਾਈਆਂ ਕਰ ਕੇ ਸਾਰੀ ਉਮਰ ਖਟ ਕੇ ਲਿਆਉਂਦਾ ਰਿਹਾ, ਤਿਸ ਨੇ ਭੀ ਕੋਈ ਹਮਾਇਤ ਨਹੀਂ ਕਰਨੀ। ਸਾਰੀ ਉਮਰ ਦੇ ਖਾਊ ਯਾਰਾਂ ਮਿਤਰਾਂ ਨੇ ਭੀ ਮੁੱਛਾਂ ਤੇ ਤਾਉ ਦੇ ਕੇ, ਖਾ ਪੀ ਕੇ ਹਜ਼ਮ ਕਰ ਕੇ ਲਾਂਭੇ ਹੋ ਜਾਣਾ ਹੈ। ਜਿਨ੍ਹਾਂ ਦੇ ਕਾਰਨ ਪਾਪ-ਕਰਮ ਕਮਾਂਵਦਾ ਰਿਹਾ ਹੈ, ਤਿਨ੍ਹਾਂ ਵਿਚੋਂ ਕਿਸੇ ਨੇ ਕਖ ਕੰਮ ਨਹੀਂ ਆਉਣਾ। ਉਹਨਾਂ ਦੇ ਦੇਖਦਿਆਂ ਖ਼ਾਲੀ ਇਕੱਲੇ ਨੇ ਲੱਦ ਜਾਣਾ ਹੈ ਅਤੇ ਜਮਪੁਰੀ ਵਿਚ ਬਧੇ ਹੋਏ ਨੇ ਜਾ ਬੰਧੂਏ ਬਣਨਾ ਹੈ। ਏਸੇ ਭਾਵ ਦਾ ਜਣਾਇਕ ਇਹ ਅਗਲਾ ਗੁਰਵਾਕ ਹੈ। ਯਥਾ—

ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲੁ ਬਿਖਮੁ ਘਨਾ ॥... ...ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ ॥ ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥ ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੋੜੇਨਿ ਸੁਖਾਧਾਤਾ ॥ ਨਾਨਕ ਪਾਪ ਕਰੈ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥

[ਗਉੜੀ ਮ: ੧, ਪੰਨਾ ੧੫੫



www.AKJ.Org

ਇਸ ਗੁਰਵਾਕ ਵਿਖੇ ਗੁਰੂ ਨਾਨਕ ਸਾਹਿਬ ਨੇ ਸਾਫ਼ ਸ਼ਾਹਦੀ ਭਰੀ ਹੈ ਕਿ ਹੋਰ ਅਦ੍ਰਿਸ਼ਟ ਅਗੰਮ ਪੁਰੀਆਂ ਵਾਂਗੂ ਅਕਾਲ ਪੁਰਖ ਦੀ ਕਾਇਨਾਤ ਵਿਖੇ ਜਮਪੁਰੀ ਦਾ ਵੱਖਰਾ ਰਿਜਨ (*Region*) ਭੀ ਰਚਿਆ ਹੋਇਆ ਹੈ ਜਿਥੇ ਲਿਜਾ ਕੇ ਪਾਪੀਆਂ ਦੀਆਂ ਪਾਪਿਸਟ ਰੂਹਾਂ ਨੂੰ ਨਾਨਾ ਪ੍ਰਕਾਰ ਦੀਆਂ ਭਿਅੰਕਰ ਸਜ਼ਾਵਾਂ ਜਮਦੂਤ ਦਿੰਦੇ ਹਨ।

ਇਹ ਜਮਾਂ ਦੀ ਮਾਰ ਤਿਨ੍ਹਾਂ ਸਾਕਤਾਂ ਨਿਗੁਰਿਆਂ ਉਤੇ ਹੀ ਪੈਂਦੀ ਹੈ ਜੋ ਮਨੁਖਾ ਜਨਮ ਧਾਰ ਕੇ ਨਾਮ ਬਿਨਾਂ ਦੂਜੇ ਕਰਮਾਂ ਵਿਚ ਅਤੇ ਦੂਜੇ ਭਾਵ ਦੀ ਪੂਜਾ ਵਿਚ ਹੀ ਸਾਰੀ ਉਮਰ ਲਗੇ ਰਹੇ ਹਨ। ਤਿਨ੍ਹਾਂ ਨੂੰ ਹੀ ਜਮਾਂ ਨੇ ਮਰਨ ਸਾਰ ਫੜ ਕੇ ਲੈ ਜਾਣਾ ਹੈ, ਗਲ ਘੁੱਟ ਘੁੱਟ ਕੇ ਮਾਰਨਾ ਹੈ। ਐਸੇ ਸਾਕਤਾਂ ਚੋਰਾਂ ਦੇ ਨੇੜੇ ਭੀ ਨਹੀਂ ਭਿਟਣਾ ਚਾਹੀਦਾ ਜਿਨ੍ਹਾਂ ਨੇ ਨਾਮ ਵਿਸਾਰਿ, ਹੋਰਤਿ ਕੰਮਾਂ ਕਰੰਮਾਂ ਵਲ ਹੀ ਰੁਚੀ ਲਾਈ ਰਖੀ ਹੈ। ਨਾਮ ਵਿਸਾਰਨਹਾਰੇ ਸਭ ਸਾਕਤ ਚੋਰ ਹਨ। ਤਿਨ੍ਹਾਂ ਨੂੰ ਅਗੇ ਜਾ ਕੇ ਤਿਵੇਂ ਹੀ ਮਾਰ ਪੈਂਦੀ ਹੈ ਜਿਵੇਂ ਸੰਨ੍ਹੀ ਉਪਰ ਫੜੇ ਚੋਰ ਨੂੰ ਇਸ ਸੰਸਾਰ ਵਿਖੇ ਪੈਂਦੀ ਹੈ। ਯਥਾ ਗੁਰਵਾਕ—

ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥ ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥

[ਗਉੜੀ ਮ: ੪, ਪੰਨਾ ੧੭੦

ਇਸ ਜਮ ਤੋਂ ਸੇਈ ਜਨ ਬਚਦੇ ਹਨ ਜਿਨ੍ਹਾਂ ਨੇ ਸਾਰੀ ਉਮਰ ਸਤਿਗੁਰੂ ਦਾ ਦੀਖਿਆ-ਗੁਰਮੰਤ੍ਰ-ਰੂਪੀ-ਬਚਨ ਕਮਾਇਆ ਹੋਵੇ। ਕਿਉਂਕਿ ਅਬਿਨਾਸ਼ੀ ਸਤਿਗੁਰੂ ਦਾ ਗੁਰਮੰਤ੍ਰ ਰੂਪੀ ਬਚਨ ਅਬਿਨਾਸ਼ੀ ਹੈ ਅਤੇ ਜਮ-ਫਾਹੀ ਕਟਣ ਨੂੰ ਸਮਰੱਥ ਹੈ। ਯਥਾ ਗੁਰਵਾਕ—

ਗੁਰ ਕਾ ਬਚਨੁ ਸਦਾ ਅਬਿਨਾਸੀ ॥
ਗੁਰ ਕੈ ਬਚਨਿ ਕਟੀ ਜਮ ਫਾਸੀ ॥

[ਗਉੜੀ ਮ: ੫, ਪੰਨਾ ੧੭੭

['ਅਣਡਿਠੀ ਦੁਨੀਆਂ' ਵਿਚੋਂ' ਧੰਨਵਾਦ ਸਹਿਤ

---

[ਸਫ਼ਾ ੧੬ ਦੀ ਬਾਕੀ]

ਇਹੋ ਜਿਹਾ ਦੀਵਾ ਬਾਲਣ ਵਿਚ ਸਫਲ ਹੋ ਜਾਏ ਤਾਂ ਉਹ ਭਵਜਲ ਤੋਂ ਪਾਰ ਪਹੁੰਚਿਆ ਮੰਨਿਆ ਜਾਂਦਾ ਹੈ।

ਕਬੀਰ ਸਾਹਿਬ ਭੀ ਸੋਰਠਿ ਰਾਗ ਵਿਚ ਪੰਨਾ ੬੫੫-੫੬ ਤੇ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੰਡਤ ਨੂੰ ਇਹੋ ਕਹਿੰਦੇ ਹਨ—

ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥ ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥

ਸਵਾਲ ਉਹੀ ਹੈ, ਪੜ੍ਹਨ ਸੁਣਨ ਦਾ ਕੀ ਲਾਭ ਜੇ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੋਈ। ਬ੍ਰਾਹਮਣਾ ਦੇ ਘੜੇ ਪੰਜ ਯਮ ਤੇ ਪੰਜ ਨਿਯਮਾਂ ਵਿਚੋਂ ਇਕ ਨਿਯਮ ਇਹ ਭੀ ਹੈ ਕਿ ਵੇਦਾਂ ਦਾ, ਪੁਰਾਣਾਂ ਦਾ ਪਾਠ ਕਰਨਾ ਜਾ ਸੁਣਨਾ। ਕਬੀਰ ਜੀ ਦਾ ਸਵਾਲ ਬੜਾ ਸਿਧਾ ਤੇ ਯਥਾਰਥਕ ਹੈ। ਅਗੋਂ ਚਲ ਕੇ ਉਹ ਭੀ ਦੀਵੇ ਵਲ ਸੰਕੇਤ ਕਰਦੇ ਹਨ—

ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥ ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥

ਹਾਂ ਇਥੇ ਪੁਜ ਕੇ, ਜਦੋਂ ਗਿਆਨ ਦਾ ਚਾਨਣਾ ਹੋ ਜਾਂਦਾ ਹੈ ਤਾਂ ਸਮੁਚੀ (ਕਾਇਨਾਤ) ਰਚਨਾ ਦੇ ਦੋ ਹਿੱਸੇ ਬਣ ਜਾਂਦੇ ਹਨ। ਇਕ ਉਹ ਜੀਵ, ਜਿਨ੍ਹਾਂ ਦੇ ਹਥ ਵਿਚ ਰੋਸ਼ਨੀ ਹੁੰਦੀ ਹੈ ਤੇ ਦੂਜੇ ਉਹ ਜਿਨ੍ਹਾਂ ਪਾਸ ਰੋਸ਼ਨੀ ਨਹੀਂ ਹੁੰਦੀ। ਦੂਜੀ ਸ਼੍ਰੇਣੀ ਦੇ ਪ੍ਰਾਣੀ ਆਪਣੀ ਅਗਿਆਨਤਾ ਦੇ ਅੰਧੇਰੇ ਕਾਰਨ ਰੋਸ਼ਨੀ ਵਾਲਿਆਂ ਨੂੰ ਨਹੀਂ ਪਛਾਣਦੇ।

ਮਨ ਮਾਨੇ ਲੋਗੁ ਨ ਪਤੀਜੈ ॥
ਨ ਪਤੀਜੈ ਤਉ ਕਿਆ ਕੀਜੈ ॥੩॥੭॥

ਪਰ ਇਸ ਸੰਸਾਰ ਵਿਚ ਖੇਡ ਇਹੋ ਹੀ ਹੈ ਕਿ ਜਿਨ੍ਹਾਂ ਪਾਸ ਰੋਸ਼ਨੀ ਹੈ ਉਨ੍ਹਾਂ ਨਾਲ ਉਹ ਲੋਗ ਆ ਕੇ ਮੱਲੋ ਮੱਲੀ ਟਕਰਾਂਦੇ ਹਨ ਜਿਨ੍ਹਾਂ ਪਾਸ ਰੋਸ਼ਨੀ ਹੈ ਹੀ ਨਹੀਂ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਅਗਿਆਨਤਾ ਨਾਲ ਭਰਪੂਰ ਪੁਰਸ਼ ਟਕਰਾਏ। ਜੋਤਿ ਬੁਝਾਣ ਦੀ ਕੋਸ਼ਸ਼ ਕੀਤੀ ਗਈ, ਪਰ ਧਰਵਾਸ ਦਿਤੀ ਗਈ ਸੀ—

ਡੋਲੈ ਵਾਉ ਨ ਵਡਾ ਹੋਇ ॥

ਇਸ ਲਈ ਜੋਤਿ ਕਾਇਮ ਰਹੀ, ਗਿਆਨ-ਦੀਵਾ ਜਗਦਾ ਰਿਹਾ, ਤੇ ਹੁਣ ਭੀ ਲਟ ਲਟ ਜਗ ਰਿਹਾ ਹੈ, ਜਿਸ ਤੋਂ ਅਨੇਕਾਂ ਗੁਰੂ-ਸਵਾਰਿਆਂ, ਗੁਰੂ ਪਿਆਰਿਆਂ ਦੇ ਦੀਵੇ ਜਗੇ ਹਨ ਤੇ ਜਗਦੇ ਰਹਿਣਗੇ।

www.AKJ.Org

# ਦੀਵਾ ਬਲੈ ਅੰਧੇਰਾ ਜਾਇ

[ਵਲੋਂ–ਸਾਰੰਗ ਜੀ, ਕਪੂਰਥਲਾ]

ਦੀਵੇ ਦਾ ਭਾਵ ਹੈ ਗਿਆਨ ਚਾਨਣ ਦੇਣ ਵਾਲੀ ਵਸਤੂ । ਇਥੇ ਦੀਵਾ ਚਿੰਨ੍ਹਆਤਮਕ (Symbolic) ਰੂਪ ਵਿਚ ਵਰਤਿਆ ਗਿਆ ਹੈ। ਅਤੇ ਇਸ ਚਿੰਨ੍ਹ ਨੂੰ ਗੁਰਬਾਣੀ ਵਿਚ ਬੇਅੰਤ ਸ਼ਬਦਾਂ ਅੰਦਰ ਆਏ ਹਵਾਲੇ, ਸਫਲਤਾ-ਪੂਰਬਕ ਸਿਧ ਕਰਦੇ ਹਨ। ਉਪਰ ਦਿਤੀ ਪੰਗਤੀ ਦੇ ਸਰਲ ਅਰਥ ਇਹੀ ਹਨ ਕਿ "ਜਦੋਂ ਦੀਵਾ ਬਲ ਪੈਂਦਾ ਹੈ, ਅਗਿਆਨਤਾ ਦਾ ਅੰਧੇਰਾ ਆਪਣੇ ਆਪ ਚਲਾ ਜਾਂਦਾ ਹੈ।

ਪਰ ਸਵਾਲ ਇਹ ਹੈ ਕਿ ਇਹ ਦੀਵਾ ਬਲਦਾ ਕਿਵੇਂ ਹੈ ? ਗੁਰਬਾਣੀ ਵਿਚ ਸਪੱਸ਼ਟ ਹੈ ਕਿ ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ । ਇਸ ਸਬੰਧ ਵਿਚ ਗੁਰ-ਬਾਣੀ ਅੰਦਰ ਆਏ ਹਵਾਲੇ ਬੜੇ ਰੋਚਕ ਤਰੀਕੇ ਨਾਲ ਪੇਸ਼ ਕੀਤੇ ਗਏ ਹਨ। ਇਕ ਵਾਰੀ ਤਾਂ ਇਹਨਾਂ ਸ਼ਬਦਾਂ ਦਾ ਪਾਠ ਕਰਦਿਆਂ ਮਨ ਨੂੰ ਇਹ ਧਰਵਾਸ ਬਝਦੀ ਹੈ ਕਿ ਸਾਡੀ ਜ਼ਿੰਦਗੀ ਦਾ ਮਨੋਰਥ ਇਸ ਕਿਸਮ ਦੇ ਦੀਵੇ ਨੂੰ ਬਾਲਣਾ ਹੈ। ਅਗਿਆਨਤਾ ਵਿਚ ਜੀਵਨ ਬਤੀਤ ਕਰਦਿਆਂ ਰੋਜ਼ਾਨਾ ਰਹਿਰਾਸ ਵਿਚ ਪੜ੍ਹੀ ਜਾਣਾ—

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ
ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥

ਤੇ ਅਵੇਸਲੇ ਹੋ ਕੇ ਜ਼ਿੰਦਗੀ ਬਤੀਤ ਕਰੀ ਜਾਣੀ। ਆਖ਼ਰ ਕਦ ਤਕ ? (ਜਾਂ)

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਭਾਵ-ਅਰਥ ਇਹੋ ਹੀ ਜਾਪਦੇ ਹਨ ਕਿ ਗੋਬਿੰਦ ਨੂੰ ਮਿਲਣਾ ਅਤੇ ਦੀਵਾ ਬਾਲਣਾ ਦੋ ਵਖੋ ਵਖਰੀਆਂ ਗੱਲਾਂ ਨਹੀਂ ਹਨ। ਜਦੋਂ ਮਿਲਾਪ ਹੋ ਗਿਆ ਤੇ ਫਿਰ ਹੀ ਸਹੀ ਸਮਝ ਪੈਂਦੀ ਹੈ ਕਿ ਕਿਵੇਂ ਅਣਮੜ੍ਹਿਆ ਢੋਲ ਵਜਦਾ ਹੈ, ਕਿਵੇਂ ਸਾਵਣ ਤੋਂ ਬਿਨਾਂ ਘਨਘੋਰ ਵਰਖਾ ਹੁੰਦੀ ਹੈ ਤੇ ਫਿਰ ਤਤ-ਗਿਆਨ ਹੋ ਆਉਂਦਾ ਹੈ।

ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥ ਬਾਦਲ ਬਿਨੁ ਬਰਖਾ ਹੋਈ ॥ ਜਉ ਤਤੁ ਬੀਚਾਰੈ ਕੋਈ ॥੧॥

[ਸੋਰਠਿ ਨਾਮਦੇਵ ਜੀ, ੬੯੭

ਸਵਾਲ ਇਹੋ ਹੈ ਕਿ ਦੀਵਾ ਕਿਵੇਂ ਬਾਲਿਆ ਜਾਏ ? ਇਸ ਵਿਚ ਤੇਲ ਕੀ ਹੈ ? ਅਤੇ ਵਟੀ ਕੀ ਹੈ ? ਤੇ ਫਿਰ ਦੀਵੇ ਦੀ ਜੋਤਿ ਕੌਣ ਬਾਲਦਾ ਹੈ ? ਤੇ ਤਰੀਕਾ ਕੀ ਹੈ ? ਇਹਨਾਂ ਸਾਰੇ ਪ੍ਰਸ਼ਨਾਂ ਦਾ ਉਤਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰੀ ਰਾਗੁ ਮ: ੧ ਪੰਨਾ ੨੫ ਤੇ ਹੇਠ ਲਿਖੇ ਸ਼ਬਦ ਵਿਚ ਦਿਤਾ ਹੈ –

ਅਛਲ ਛਲਾਈ ਨਹ ਛਲੈ, ਨਹ ਘਾਉ ਕਟਾਰਾ ਕਰਿ ਸਕੈ ॥ ਜਿਉ ਸਾਹਿਬੁ ਰਾਖੈ ਤਿਉ ਰਹੈ, ਇਸੁ ਲੋਭੀ ਕਾ ਜੀਉ ਟਲਪਲੈ ॥੧॥ ਬਿਨੁ ਤੇਲ ਦੀਵਾ ਕਿਉ ਜਲੈ ॥੧॥ਰਹਾਉ॥ ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ ॥੨॥ ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ਰਹਾਉ॥ ਇਤੁ ਤਨਿ ਲਾਗੈ ਬਾਣੀਆ ॥ ਸੁਖੁ ਹੋਵੈ ਸੇਵ ਕਮਾਣੀਆ ॥ ਸਭ ਦੁਨੀਆ ਆਵਣ ਜਾਣੀਆ ॥੩॥ ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥ ॥੩੩॥

ਭਾਵ, ਜੇ ਗਿਆਨ ਰੂਪੀ ਚਾਨਣਾ ਹੋਇਆ ਹੋਇਆ ਹੋਵੇ ਤਾਂ ਮਾਇਆ ਛਲ ਨਹੀਂ ਸਕਦੀ, ਮੁੰਧ ਕਟਾਰੇ ਜਾਂ ਸ਼ਸਤ੍ਰ ਵਾਰ ਨਹੀਂ ਕਰ ਸਕਦੇ, ਜ਼ਖ਼ਮੀ ਨਹੀਂ ਕਰ ਸਕਦੇ। ਤੇ ਮਨੁਖ ਦੀ ਹਾਲਤ ਸਾਹਿਬ ਦੀ ਰਜ਼ਾ ਵਿਚ ਸਦਾ ਅਡੋਲ ਰਹਿਣ ਦੀ ਸਹਿਜੇ ਹੀ ਬਣ ਆਉਂਦੀ ਹੈ। ਪਰ ਤੌਖਲਾ ਇਕ ਗੱਲ ਦਾ ਰਹਿੰਦਾ ਹੈ ਕਿ ਜੇ ਅਜੇ ਦੀਵਾ ਨਹੀਂ ਬਲਿਆ ਤਾਂ ਇਸ (ਮਨ) ਲੋਭੀ, ਕਪਟੀ ਦਾ ਜੀਉ ਟਪਲਾ ਖਾ ਸਕਦਾ ਹੈ, ਕਿਉਂਕਿ ਅਗਿਆਨਤਾ ਅਜੇ ਵਿਚੋਂ ਗਈ ਨਹੀਂ ਹੁੰਦੀ। ਦਸਵੀਂ ਜੋਤਿ ਦੀ ਹਜ਼ੂਰੀ ਵਿਚ ਰਹਿੰਦਾ



www.AKJ.Org

ਹੋਇਆ ਦੁਨੀ ਚੰਦ ਟਪਲਾ ਖਾ ਗਿਆ, ਹਾਥੀ ਨਾਲ ਲੜਨ ਤੋਂ ਡਰ ਕੇ ਅਨੰਦਗੜ੍ਹ ਕਿਲ੍ਹੇ ਤੋਂ ਰਸੀ ਨਾਲ ਲਮਕ ਕੇ ਡਿਗ ਪਿਆ। ਵਡੇ ਵਡੇ ਟਪਲਾ ਖਾ ਗਏ। ਪਰ ਜਿਸ ਦੀ ਸਾਹਿਬ ਰਖੇ, ਜਿਸ ਦੇ ਅੰਦਰ ਚਾਨਣ ਕਰ ਦੇਵੇ, ਫਿਰ—

ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥

ਦਰ-ਅਸਲ ਅੱਜ ਕਲ੍ਹ ਧਰਮ ਧਾਰਨ ਕਰਨ ਵਿਚ ਭੀ ਬੜਾ ਟਪਲਾ ਹੈ। ਸਾਡੇ ਪਰਚਾਰਕ ਅਦਾਰੇ ਇਸ ਗੱਲ ਤੇ ਬੜਾ ਜ਼ੋਰ ਦਿੰਦੇ ਹਨ ਕਿ ਅੰਮ੍ਰਿਤ ਛਕੋ, ਜੀਵਨ ਸਫਲਾ ਹੋ ਜਾਂਦਾ ਹੈ। ਇਸ ਗੱਲ ਤੋਂ ਨਾਂਹ ਭੀ ਨਹੀਂ ਕੀਤੀ ਜਾ ਸਕਦੀ। ਪਰ ਕੀ ਕੇਵਲ ਅੰਮ੍ਰਿਤ ਛਕ ਲੈਣਾ ਕਾਫ਼ੀ ਹੈ? ਕੀ ਸਰਬ ਲੋਹ ਦਾ ਕਰੜਾ ਪਹਿਰਾ ਰਖ ਕੇ ਬਾਹਰਲਾ ਸਭ ਸੀਂਗਾਰ ਬਣਾ ਲੈਣਾ ਕਾਫ਼ੀ ਹੈ? ਕੀ ਇਥੇ ਹੀ ਅਵੇਸਲੇ ਬੈਠੇ ਰਹਿਣਾ, ਤੇ ਸਾਲਾਂ ਬਧੀ ਬੈਠੇ ਰਹਿਣਾ, ਠੀਕ ਹੈ? ਕਈ ਵਾਰੀ ਮਨ ਵਿਚ ਭੀ ਆਉਂਦਾ ਹੈ, ਭਾਵੇਂ ਬੜੇ ਸੂਖਮ ਜਿਹੇ ਹੁਲਾਰੇ ਵਿਚ ਕਿ ਅਸੀਂ ਜਿਥੋਂ ਅੰਮ੍ਰਿਤ ਪਾਨ ਕੀਤਾ ਹੈ ਉਹ ਬੜੀ ਉਚ ਜੀਵਨ ਦੀ ਦਾਤ ਦੇਣ ਵਾਲਾ ਅਦਾਰਾ ਸੀ। ਇਸ ਤੋਂ ਵਧ ਕੇ ਅਗੋਂ ਆਪਣੀ ਉਸਤਤ ਕਰਨ ਨਾਲ ਹੋਰ ਭੀ ਹਉਮੈ ਵਧਦੀ ਹੈ ਤੇ ਅਸੀਂ ਦਿਨੋ ਦਿਨ ਅਵੇਸਲੇ ਹੁੰਦੇ ਜਾ ਰਹੇ ਹਾਂ। ਕਦੀ ਕਦੀ ਪਾਠ ਕਰਦਿਆਂ ਬਾਣੀ ਬੀਚਾਰਦਿਆਂ, ਅੰਦਰ-ਵਾਰ ਸ਼ਰਮ ਮਹਿਸੂਸ ਕਰਦੇ ਹੋਏ ਪੜ੍ਹ ਕੇ ਅਗੇ ਲੰਘ ਜਾਈਦਾ ਹੈ ਜਦੋਂ ਮਹਾਰਾਜ ਅਚਾਨਕ ਪੁਛ ਲੈਂਦੇ ਹਨ:—

ਕਬਹੂੰ ਸਾਹਿਬੁ ਦੇਖਿਆ ਭੈਣ॥? [੧੨੫੭

ਤੇ ਸਾਨੂੰ ਪਤਾ ਹੁੰਦਾ ਹੈ ਕਿ ਇਸ ਦਾ ਉਤਰ ਨਾਂਹ ਵਿਚ ਹੈ। ਇਹੋ ਅਵੇਸਲਾਪਨ ਸਾਰੇ ਪਾਸੇ ਫੈਲਿਆ ਹੋਇਆ ਹੈ। ਹਿੰਦੂ, ਮੁਸਲਮਾਨ, ਈਸਾਈ, ਅਤੇ ਹੋਰ ਮਤਾਂ ਵਿਚ ਧਾਰਮਕ ਚਿੰਨ੍ਹ ਧਾਰਨ ਕਰਨ ਤੋਂ ਬਾਅਦ ਮਨੁਖ ਵਿਚ ਇਕ ਕਿਸਮ ਦੀ ਤਸੱਲੀ ਜਿਹੀ ਜ਼ਰੂਰ ਆਉਂਦੀ ਹੈ, ਪਰ ਉਸ ਤੋਂ ਬਾਅਦ "ਸੜਕ ਬੰਦ ਹੈ" ਦਾ ਫੱਟਾ ਲਗ ਜਾਂਦਾ ਹੈ। ਅਸੀਂ ਆਪਣੀ ਜਾਣੇ ਰੱਬ ਦਾ ਉਲਾਂਭਾ ਜਿਹਾ ਲਾਹ ਕੇ ਪਰ੍ਹਾਂ ਵਗਾਹ ਮਾਰਦੇ ਹਾਂ। ਤੇ ਅਵੇਸਲੇ ਬਣ ਕੇ ਸਾਰੀ ਉਮਰ ਗੁਜ਼ਾਰ ਦਿੰਦੇ ਹਾਂ।

ਸਵਾਲ ਉਥੇ ਹੀ ਟਿਕਿਆ ਰਹਿੰਦਾ ਹੈ—

"ਬਿਨੁ ਤੇਲ ਦੀਵਾ ਕਿਉ ਜਲੈ॥" ?

ਸਿਰੀ ਰਾਗ ਵਿਚ ਦਿਤੇ ਉਪਰੋਕਤ ਸ਼ਬਦ ਵਿਚ, ਸਾਹਿਬ ਇਸ਼ਾਰਿਆਂ ਨਾਲ ਸਮਝਾਂਦੇ ਹਨ ਕਿ ਇਕ ਤਾਂ ਪੋਥੀ ਪੁਰਾਣ ਜਾਂ ਧਰਮ-ਪੁਸਤਕਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਅਤੇ ਦੂਜੀ ਚੀਜ਼ ਅਕਾਲ ਪੁਰਖ ਦੀ ਹੋਂਦ ਮਹਿਸੂਸ ਕਰਦੇ ਹੋਏ ਸਦਾ ਉਸ ਦੀ ਹਜ਼ੂਰੀ ਦਾ ਅਹਿਸਾਸ ਹੋਵੇ ਤੇ ਜੀਵਨ ਦਾ ਨਿਰਬਾਹ ਉਸ ਦੇ (ਭਉ) ਡਰ, ਸਤਿਕਾਰ ਵਿਚ ਹੋਵੇ, ਕਿ ਮੇਰੇ ਹਰ ਕੰਮ ਨੂੰ ਉਹ ਦੇਖ ਰਿਹਾ ਹੈ, ਮੇਰੇ ਹਰ ਵਿਚਾਰ ਤੋਂ, ਜੋ ਕਦੀ ਘਟੀਆ ਤੇ ਕਮੀਨੇ ਭੀ ਹੁੰਦੇ ਹਨ, ਉਹ ਜਾਣੂ ਹੈ, "ਹਰਿ ਕਰਤਾ ਸਭੁ ਕਿਛੁ ਜਾਣਦਾ" ਹੈ।

ਧਰਮ ਦੀਆਂ ਪੋਥੀਆਂ ਦਾ ਪਾਠ, ਬਾਣੀ ਵੀਚਾਰਕੇ ਪੜ੍ਹਨਾ ਉਸ ਦੀਵੇ ਵਿਚ ਤੇਲ ਬਰਾਬਰ ਹੈ, ਤੇ ਸਦਾ ਉਸ ਮਾਲਕ ਦੇ ਭਉ ਅੰਦਰ ਰਹਿਣਾ ਦੀਵੇ ਦੀ ਵਟੀ ਹੈ। ਸਚੁ, ਜਾਂ ਵਾਹਿਗੁਰੂ ਜੀ ਦਾ ਮਿਲਾਪ ਤੇ ਉਸ ਦੀ ਤਾਂਘ, ਇਸ ਵਟੀ ਨੂੰ ਜਗਾਣ ਦੇ ਸਮਰਥ ਹੈ। ਇਥੇ ਅੰਤ੍ਰੀਵ ਭਾਵ ਇਹੋ ਹਨ ਕਿ ਗੁਰੂ ਰੂਪ ਅਕਾਲ ਪੁਰਖ ਜਦੋਂ "ਸਚੁ ਬੂਝਣੁ" ਦੀ ਕ੍ਰਿਆ (action) ਦੇ ਦੌਰਾਨ ਆਪਣੀ ਛੋਹ ਬਖਸ਼ ਕੇ -

"ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ"

ਦੀ ਕਲਾ ਵਰਤਾ ਜਾਂਦਾ ਹੈ, ਨਾਮ ਜਪਦਿਆਂ, ਬਾਣੀ ਪੜ੍ਹਦਿਆਂ ਪੜ੍ਹਦਿਆਂ, ਪਰ ਭੈ ਭਾਵਨੀ ਅੰਦਰ, ਦੀਵਾ ਆਪੇ ਹੀ ਜਗ ਪੈਂਦਾ ਹੈ, ਉਸਦੀ ਕਿਰਪਾ ਨਾਲ। ਸ਼ਬਦ ਦੀਆਂ ਅਗਲੇਰੀਆਂ ਪੰਗਤੀਆਂ ਬਹੁਤ ਹੀ ਸਰਲ ਹਨ ਤੇ ਸਹੀ ਜੀਵਨ-ਜਾਂਚ ਵਲ ਸੇਧ ਦਿੰਦੀਆਂ ਹਨ।

ਫਿਰ ਇਸੇ ਵਿਚਾਰ ਨੂੰ ਗੁਰੂ ਨਾਨਕ ਪਾਤਸ਼ਾਹ ਸਿਧਾਂ, ਜੋਗੀਆਂ, ਨਾਥਾਂ ਨਾਲ ਬਚਨ-ਬਿਲਾਸ ਕਰਦਿਆਂ ਬੜੇ ਜ਼ੋਰਦਾਰ ਤਰੀਕੇ ਨਾਲ ਕਹਿੰਦੇ ਹਨ। ਰਾਮਕਲੀ ਰਾਗ ਪੰਨਾ ੬੨੮, ਆਪ ਫੁਰਮਾਂਦੇ ਹਨ:—



www.AKJ.Org

ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥ ਅੰਤਰਿ ਭਾਹਿ ਤਿਸੈ ਤੂ ਰਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥੧॥ ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥੧॥ਰਹਾਉ॥ ਹਛੀ ਮਿਟੀ ਸੋਝੀ ਹੋਇ ॥ ਤਾ ਕਾ ਕੀਆ ਮਾਨੈ ਸੋਇ ॥ ਕਰਣੀ ਤੇ ਕਰਿ ਚਕਹੁ ਢਾਲਿ ॥ ਐਥੈ ਓਥੈ ਨਿਬਹੀ ਨਾਲਿ ॥੨॥ ਆਪੇ ਨਦਰਿ ਕਰੇ ਜਾ ਸੋਇ ॥ ਗੁਰਮੁਖਿ ਵਿਰਲਾ ਬੂਝੈ ਕੋਇ ॥ ਤਿਤੁ ਘਟਿ ਦੀਵਾ ਨਿਹਚਲੁ ਹੋਇ ॥ ਪਾਣੀ ਮਰੈ ਨ ਬੁਝਾਇਆ ਜਾਇ ॥ ਐਸਾ ਦੀਵਾ ਨੀਰਿ ਤਰਾਇ ॥੩॥ ਡੋਲੈ ਵਾਉ ਨ ਵਡਾ ਹੋਇ ॥ ਜਾਪੈ ਜਿਉ ਸਿੰਘਾਸਣਿ ਲੋਇ ॥ ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥ ਨਿਰਤਿ ਨ ਪਾਈਆ ਗਣੀ ਸਹੰਸ ॥ ਐਸਾ ਦੀਵਾ ਬਾਲੇ ਕੋਇ ॥ ਨਾਨਕ ਸੋ ਪਾਰੰਗਤਿ ਹੋਇ ॥੪॥੭॥

ਹਿੰਦੂ ਧਰਮ ਵਿਚ ਅਨੇਕਾਂ ਕ੍ਰਿਆ-ਕਰਮ ਹਨ। ਉਨ੍ਹਾਂ ਵਿਚੋਂ ਇਕ ਇਹ ਭੀ ਹੈ ਕਿ ਕਤਕ ਦੇ ਮਹੀਨੇ ਹਿੰਦੂ ਔਰਤਾਂ ਵਗਦੇ ਪਾਣੀ ਦੇ ਕੰਢੇ ਆਟੇ ਦੇ ਦੀਵੇ ਰਖਦੀਆਂ ਹਨ, ਜਾਂ ਤੈਰਾਂਦੀਆਂ ਹਨ। ਇਸ ਦਾ ਭਾਵ ਹੁੰਦਾ ਹੈ ਕਿ ਉਨ੍ਹਾਂ ਨੂੰ ਜੀਉਂਦੇ ਜੀ ਨਹੀਂ, ਸਗੋਂ ਮਰਨ ਉਪਰੰਤ—

ਜਹਿ ਪੈਡੈ ਮਹਾ ਅੰਧ ਗੁਬਾਰਾ ॥

ਉਥੇ ਇਹੋ ਜਿਹੇ ਜਗਾਏ ਗਏ ਦੀਵੇ ਦੀ ਨਿੰਮ੍ਹੀ ਲੋਅ ਦਾ ਚਾਨਣਾ ਇਸ ਰੂਹ ਨੂੰ ਮਿਲੇ।

ਪਰ ਗੁਰੂ ਨਾਨਕ ਪਾਤਸ਼ਾਹ ਇਹੋ ਜਿਹੇ ਆਟੇ ਦੇ ਕਚੇ ਦੀਵੇ ਦੀ ਥਾਂ ਰੂਹ ਲਈ ਗਿਆਨ ਦਾ ਪੱਕਾ ਦੀਵਾ ਸੁਝਾਂਦੇ ਹੋਏ ਫੁਰਮਾਂਦੇ ਹਨ ਤੇ ਉਪਰ ਦਿਤੇ ਸ਼ਬਦ ਰਾਹੀਂ ਉਪਦੇਸ਼ ਦਿੰਦੇ ਹਨ :—

ਉਸ ਪ੍ਰਭੂ ਨਾਲ ਆਪਣੀ ਸੁਰਤਿ ਨੂੰ ਇੰਜ ਜੋੜੀਏ ਅਤੇ ਤਨ ਨੂੰ ਤੁਲਹਾ ਬਣਾ ਕੇ ਇਸ ਸਮੁੰਦ-ਸਾਗਰ ਨੂੰ ਪਾਰ ਲੰਘ ਜਾਈਏ, ਜਿਥੇ ਤਨ ਤੁਲਹਾ ਹੋਵੇ ਉਥੇ ਅੰਦਰ ਗਿਆਨ ਦਾ ਜੋ ਚਾਨਣਾ ਹੈ ਉਸਨੂੰ ਕਾਇਮ ਰਖਿਆ ਜਾਏ ਤਾਂ ਕਿ ਭਵ-ਸਾਗਰ ਪਾਰ ਕਰਨ ਵੇਲੇ ਦਿਨ ਰਾਤ ਇਹ ਦੀਵਾ ਅਥਕ ਹੋ ਕੇ ਬਲਦਾ ਰਹੇ। ਪਰਤੀਤ ਹੁੰਦਾ ਹੈ ਕਿ ਗੁਰਮਤਿ-ਆਸ਼ੇ ਅਨੁਸਾਰ "ਜੀਵਨ ਮੁਕਤ" ਵਾਲੀ ਅਵਸਥਾ ਦਾ ਇਕ ਸਭ ਤੋਂ ਜ਼ਰੂਰੀ ਅਤੇ ਅਨਿਖੜਵਾਂ ਅੰਗ ਇਹ ਗਿਆਨ-ਦੀਵਾ ਹੈ। ਉਸ ਪ੍ਰਾਣੀ ਦੇ ਬਾਕੀ ਦੇ ਕਰਮ ਇਸ ਦੀਵੇ ਦੇ ਚਾਨਣੇ ਵਿਚ ਹੋਣੇ ਸੰਭਵ ਹਨ। ਅਗੋਂ ਉਪਦੇਸ਼ ਭੀ ਇਹੋ ਹੀ ਹੈ ਕਿ ਜੇ ਤਰਾਣਾ ਭੀ ਹੈ ਤਾਂ ਭਵ-ਸਾਗਰ ਵਿਚ ਇਹੋ ਜਿਹਾ ਦੀਵਾ ਹੀ ਹੈ ਜੋ ਹਰ ਪ੍ਰਕਾਰ ਦੀ ਸੋਝੀ ਬਖਸ਼ਦਾ ਹੈ।

ਦੀਵੇ ਦੇ ਚਿੰਨ੍ਹ (*Symbol*) ਨੂੰ ਹੋਰ ਅਗੇ ਲੈ ਜਾਂਦੇ ਹੋਏ ਹਛੀ ਮਿਟੀ (ਹਛਾ ਭਾਂਡਾ) ਤਨ-ਮਨ ਸਵੱਛ ਨਿਰਕਪਟ ਰਖਣ ਦਾ ਉਪਦੇਸ਼ ਮਿਲਦਾ ਹੈ, ਕਿਉਂਕਿ "ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ"। ਫਿਰ ਘੁਮਿਆਰ ਦੇ ਚਕ ਉਤੇ ਦੀਵੇ ਨੂੰ ਘੜਨ ਦੀ ਉਪਮਾ ਦਿਤੀ ਗਈ ਹੈ। ਨਿਰਮਲ ਤੇ ਉਤਮ ਕਰਣੀ ਹੈ ਜੋ ਗਿਆਨ-ਦੀਵੇ ਦੇ ਬਣਾਣ ਵਿਚ ਸਹਾਈ ਹੁੰਦੀ ਹੈ।

ਪਰ ਇਹ ਦੀਵਾ ਬਣਾਂਦਾ ਕੌਣ ਹੈ ? ਕੀ ਮਨੁਖ ਆਪ ਹੀ ਇਸ ਦੇ ਸਮਰਥ ਹੈ ? ਉਤਰ—ਹੈ ਨਹੀਂ ? ਜਦੋਂ ਉਸਦੀ ਨਦਰ ਹੁੰਦੀ ਹੈ ਤਾਂ ਵਿਰਲਾ ਕੋਈ ਕੋਈ ਸਜਨ ਗੁਰੂ-ਸਤਿਗੁਰੂ ਰਾਹੀਂ ਵਡੇ ਭਾਗਾਂ ਸਦਕਾ ਐਸਾ ਗਿਆਨ-ਚਾਨਣ ਪ੍ਰਾਪਤ ਕਰਦਾ ਹੈ। ਅਤੇ ਉਸ ਸਜਨ ਦੇ ਅੰਦਰ ਫਿਰ ਦੀਵਾ ਕਦੀ ਬੁਝਦਾ ਨਹੀਂ। ਫਿਰ ਇਸ ਦੀਵੇ ਨੂੰ ਤਰਦੇ ਤਰਦੇ, ਪਾਣੀ ਦੀਆਂ ਲਹਿਰਾਂ ਬੁਝਾ ਨਹੀਂ ਸਕਦੀਆਂ। ਅਤੇ ਸਹਿਜੇ ਹੀ ਗੁਰੂ ਆਸਰੇ ਭਵ-ਸਾਗਰ ਤੋਂ ਪਾਰ ਉਤਰ ਜਾਈਦਾ ਹੈ।

ਹਵਾ ਦੇ ਤੇਜ਼ ਬੁਲਿਆਂ ਨਾਲ ਨਾ ਤਾਂ ਦੀਵੇ ਦਾ ਚਾਨਣਾ ਟਿਮ-ਟਿਮਾ ਹੁੰਦਾ ਹੈ ਤੇ ਨਾ ਹੀ ਬੁਝਦਾ (ਵਡਾ ਹੁੰਦਾ) ਹੈ। ਸਗੋਂ (ਭਵ-ਸਾਗਰ) ਸੰਸਾਰ ਵਿਚ ਰਹਿੰਦਿਆਂ, ਜ਼ਿੰਦਗੀ ਦੇ ਹਰ ਉਤਾਰ ਚੜ੍ਹਾਅ ਵਿਚ ਇਉਂ ਜਾਪਦਾ ਹੈ ਜਿਵੇਂ ਵਾਹਿਗੁਰੂ ਜੀ ਦਾ ਹਰ ਥਾਂ ਅੰਦਰ ਬਾਹਰ ਸਿੰਘਾਸਣ ਲਗਾ ਹੋਇਆ ਹੈ।

ਇਸ ਗਿਆਨ-ਰੂਪੀ ਦੀਵੇ ਦਾ ਮੁੱਲ ਕਿਸੇ ਨਹੀਂ ਪਾਇਆ, ਚਾਰ ਵਰਣਾਂ ਵਿਚੋਂ ਭਾਵੇਂ ਇਸ ਦੇ ਹਜ਼ਾਰਾਂ ਗੁਣ ਬਿਆਨ ਕਰਦੇ ਰਹਿਣ। ਹਾਂ ਜੇ ਕੋਈ

[ਬਾਕੀ ਦੇਖੋ ਸਫ਼ਾ ੧੩ ਹੇਠ]



www.AKJ.Org

# ਸੁਖ-ਦੁਖ

[ਵਲੋਂ:-ਭਾਈ ਸਾਹਿਬ ਜੋਗਿੰਦਰ ਸਿੰਘ ਜੀ, ਤਲਵਾੜਾ]

**ਵਾਹਿਗੁਰੂ—**

ਵਾਹਿਗੁਰੂ ਸਤਿ-ਚਿਤ-ਅਨੰਦ ਸਰੂਪ ਹੈ। ਸਰਬ ਗੁਣ ਸੰਪੂਰਨ ਤੇ ਸਰਬ ਕਲਾ ਸਮਰਥ ਹੈ। ਅਕਾਲ ਮੂਰਤਿ ਹੈ। ਨਿਰਭਉ ਹੈ। ਨਿਰਵੈਰ ਹੈ। ਇਸੇ ਲਈ ਵਾਹਿਗੁਰੂ ਸੁਖ-ਸਾਗਰ ਹੈ ਤੇ ਸੁਖ-ਦਾਤਾ ਵੀ। ਇਹ ਸ੍ਰਿਸ਼ਟੀ ਰਚਨਾ ਵਾਹਿਗੁਰੂ ਜੀ ਦਾ ਆਪਣਾ ਹੀ ਇਕ ਸੁਖਦਾਈ ਖੇਲ ਹੈ।

**ਸੁਖਦਾਈ ਰਚਨਾ—**

ਇਹ ਸ੍ਰਿਸ਼ਟੀ ਮਨੁਖ ਲਈ ਵਾਹਿਗੁਰੂ ਜੀ ਦਾ ਪ੍ਰਾਹੁਣ-ਘਰ (*Guest-house*) ਹੈ। ਗਰੀਬ ਤੋਂ ਗਰੀਬ ਮਨੁਖ ਆਪਣੇ ਪ੍ਰਾਹੁਣੇ ਦੀ ਵਿਤੋਂ ਵਧ ਸੇਵਾ ਕਰਦਾ ਹੈ ਤੇ ਉਸ ਦੇ ਸੁਖ ਲਈ ਹਰ ਉਪਰਾਲਾ ਕਰਦਾ ਹੈ। ਵਾਹਿਗੁਰੂ ਜੀ ਨੇ ਵੀ ਇਸ ਧਰਤੀ ਤੇ ਮਨੁਖ ਲਈ ਸੁਖ ਦੇ ਸਾਰੇ ਸਾਧਨ ਤੇ ਸਾਜ-ਸਮਾਨ ਪੈਦਾ ਕੀਤੇ ਹਨ। ਖਾਣ ਲਈ ਨਾਨਾ ਪਰਕਾਰ ਦੇ ਭੋਜਨ, ਪਹਿਨਣ ਲਈ ਸੁੰਦਰ ਬਸਤਰ ਤੇ ਰਹਿਣ ਲਈ ਉਚੀਆਂ ਅਟਾਰੀਆਂ ਤੇ ਸੇਜ-ਸੁਖਾਲੀਆਂ, ਦਿਲ ਪਰਚਾਵੇ ਵਾਸਤੇ ਮਾਤਾ, ਪਿਤਾ, ਇਸਤ੍ਰੀ, ਬੱਚੇ, ਸਾਕ, ਸਜਨ ਆਦਿ ਉਹੋ ਦਿੰਦਾ ਹੈ। ਨਿਰੇ ਪਦਾਰਥਕ ਸੁਖ ਹੀ ਨਹੀਂ ਸਗੋਂ ਆਤਮਿਕ ਸੁਖ ਦੇ ਖ਼ਜ਼ਾਨੇ ਵੀ ਪੈਦਾ ਕੀਤੇ ਗਏ ਹਨ, ਜਿਵੇਂ ਨਾਮ-ਬਾਣੀ ਤੇ ਪੂਰਨ-ਪੁਰਖਾਂ ਦੀ ਸੰਗਤਿ ਆਦਿ।

ਅਣਗਿਣਤ ਸਦੀਆਂ ਤੋਂ ਬੇਅੰਤ ਜੀਵ ਜੰਤੂ, ਪਸ਼ੂ ਪੰਛੀ, ਪਦਾਰਥਕ ਤੇ ਆਤਮਿਕ ਭੰਡਾਰੇ ਵਿਚੋਂ ਸੁਖ ਭੋਗਦੇ ਭੁੰਚਦੇ ਚਲੇ ਆ ਰਹੇ ਹਨ, ਪਰ ਇਹ ਭੰਡਾਰਾ ਜਿਵੇਂ ਦਾ ਤਿਵੇਂ ਦੂਣ ਸਵਾਇਆ ਹੀ ਪਿਆ ਹੈ। ਯਥਾ:—

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥੨॥

[ਗਉੜੀ ਗੁਆਰੇਰੀ ਮ: ੫, ਪੰਨਾ ੧੮੬

**ਮਨੁਖ-ਸਰਬ ਸ੍ਰੇਸ਼ਟ—**

ਵਾਹਿਗੁਰੂ ਨੇ ਮਨੁੱਖ ਨੂੰ ਧਰਤੀ ਤੇ ਉਤਪਤ ਕੀਤੀ ਸਰਬੱਤ ਕਾਇਨਾਤ ਦਾ ਸਰਦਾਰ ਥਾਪਿਆ ਹੈ। ਬਾਕੀ ਦੀਆਂ ਸਾਰੀਆਂ ਚੌਰਾਸੀ ਲੱਖ ਜੂਨਾਂ ਮਨੁਖ ਦੀ ਟਹਿਲ ਕਮਾਉਣ ਲਈ ਇਸ ਦੀ ਤਾਬਿਆ ਵਿਚ ਹਨ। ਯਥਾ ਗੁਰਵਾਕ:—

ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

[ਆਸਾ ਮ: ੫, ਪੰਨਾ ੩੭੪

**ਦੁਖ ਤੇ ਇਸ ਦਾ ਕਾਰਨ—**

ਪਰ ਸਾਰੇ ਪਦਾਰਥਕ ਤੇ ਆਤਮਿਕ ਸੁਖਾਂ ਦੇ ਸਾਧਨ ਹੁੰਦਿਆਂ ਸੁੰਦਿਆਂ, ਧਰਤੀ ਦਾ ਸ਼ਰਦਾਰ (ਮਨੁੱਖ) ਨਿਰਾਸ ਤੇ ਵਿਆਕੁਲ ਹੀ ਨਜ਼ਰੰ ਆਉਂਦਾ ਹੈ। ਧਨਵਾਨ, ਨਿਰਧਨ, ਬਾਲ, ਬੁਢੇ, ਜਵਾਨ, ਮਰਦ, ਤੀਵੀਆਂ ਸਭ ਦੁਖੀ ਹਨ। ਐਸੇ ਦੁਖਾਂ ਦੇ ਪਸਾਰੇ ਨੂੰ ਅਨੁਭਵ ਕਰਕੇ ਬੈਰਾਗੀ ਬਾਬਾ ਫਰੀਦ ਪੁਕਾਰ ਉਠਿਆ:—

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ
ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ
ਤਾਂ ਘਰਿ ਘਰਿ ਏਹਾ ਅਗਿ॥੮੧॥

(ਸਲੋਕ ਸੇਖ ਫਰੀਦ ਕੇ)

ਤੇ ਗੁਰੂ ਬਾਬੇ ਨੇ ਯਥਾਰਕ ਬਚਨ ਕੀਤਾ:—

ਨਾਨਕ ਦੁਖੀਆ ਸਭੁ ਸੰਸਾਰੁ॥

[ਸਲੋਕ ਮ: ੧, ਪੰਨਾ ੯੫੪

ਏਨੇ ਸੁਖਾਂ ਦੇ ਸਾਧਨਾਂ ਦੀ ਪ੍ਰਾਪਤੀ ਦੇ ਬਾਵਜੂਦ ਮਨੁਖ ਦਾ ਦੁਖੀ ਹੋਣਾ ਭਾਵੇਂ ਇਕ ਅਚੰਭਾ ਹੈ, ਪਰ ਹੈ ਇਹ ਇਕ ਕਰੜੀ ਅਸਲੀਅਤ। ਆਖ਼ਰ ਇਸ ਦਾ ਕਾਰਨ ਕੀ ਹੈ?

ਸੁਜਾਨ ਸਤਿਗੁਰੂ ਨੇ ਦੁਖੀ ਮਨੁੱਖ ਦੇ ਦੁਖ ਨੂੰ ਅਨੁਭਵ ਕੀਤਾ ਤੇ ਦਰਦੀਆਂ ਦੇ ਮਹਿਰਮ ਸਚੇ ਜਗਤ-ਵੈਦ ਨੇ ਰੋਗ ਦਾ ਕਾਰਨ ਬੁਝਿਆ ਤੇ



www.AKJ.Org

ਫੁਰਮਾਇਆ—

ਸਭੇ ਦੁਖ ਸੰਤਾਪ ਜਾ ਤੁਧਹੁ ਭੁਲੀਐ ॥
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ ॥
[ਪਉੜੀ ਮ: ੫, ਪੰਨਾ ੯੬੩

ਪੁਨ:— ਦੁਖੁ ਤਦੇ ਜਾ ਵਿਸਰਿ ਜਾਵੈ ॥
[ਮਾਝ ਮ: ੫, ੯੮

**ਭੁਲ ਤੇ ਭੁਲੇਖਾ—**

ਮਨੁਖ ਦੇ ਸਰੀਰ ਬੁਤ ਵਿਚ ਇਸ ਦਾ ਮਾਲਕ (ਆਤਮਾ) ਵਸਦਾ ਹੈ। ਇਹ ਆਤਮਾ ਵਾਹਿਗੁਰੂ ਦੀ ਅੰਸ, ਵਾਹਿਗੁਰੂ-ਸਾਗਰ ਦੀ ਇਕ ਬੂੰਦ ਹੈ। ਅਸਲ ਵਿਚ ਸਰੀਰ ਤਾਂ ਕੇਵਲ ਮਿਟੀ ਦੀ ਮੜ੍ਹੋਲੀ ਹੀ ਹੈ। ਇਹ ਮੜ੍ਹੋਲੀ ਆਤਮਾ ਦੀ ਹੋਂਦ ਨਾਲ ਹੀ ਕੰਚਨ-ਵੰਨੀ ਦੇਹੀ ਹੋਇ ਜਾਪਦੀ ਹੈ। ਇਸ ਮੜ੍ਹੋਲੀ ਦੀ ਪੋਚਾ-ਪਾਚੀ ਉਤਨੀ ਦੇਰ ਹੀ ਹੁੰਦੀ ਹੈ ਜਿੰਨੀ ਦੇਰ ਤਕ ਆਤਮਾ ਇਸ ਵਿਚ ਵਸਦਾ ਰਸਦਾ ਹੈ। ਆਤਮਾ ਨਿਕਲਦਿਆਂ ਹੀ ਇਹ ਮੜ੍ਹੋਲੀ "ਅੰਤ ਖੇਹ ਕੀ ਖੇਹ" ਹੋ ਜਾਂਦੀ ਹੈ ਤੇ ਇਸ ਨੂੰ ਅਗਨਿ ਭੇਟ ਕਰ ਦਿਤਾ ਜਾਂਦਾ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਆਤਮਾ ਦੀ ਸੇਵਾ ਸੰਭਾਲ ਕਰ ਕੇ ਇਸ ਨੂੰ ਬਲਵਾਨ ਬਣਾਇਆ ਜਾਵੇ ਤੇ ਇਸ ਦੀ ਪਰਫੁਲਤਾ ਲਈ ਲੋੜੀਂਦੀ ਖ਼ੁਰਾਕ ਦਿਤੀ ਜਾਵੇ, ਜੋ ਜਗਤ-ਵੈਦ ਸਤਿਗੁਰੂ ਨੇ ਫ਼ੁਰਮਾਈ ਹੈ:—

ਸਿਮਰਿ ਸਿਮਰਿ ਨਾਮ ਬਾਰੰਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥੨॥
[ਗਉੜੀ ਸੁਖਮਨੀ ਮ: ੫

ਬਲਵਾਨ ਆਤਮਾ ਦੀ ਸਵਾਰੀ ਲਈ ਇਸ ਦੇਹ-ਤੇਜਣ ਨੂੰ ਵੀ ਨਰੋਆ ਤੇ ਸੁਅਸਥ ਰਖਣ ਦੀ ਲੋੜ ਹੈ। ਪਰ ਅਗਿਆਨਤਾ ਦੇ ਅਸਰ ਥਲੇ ਮਨੁਖ ਦੇਹ ਨੂੰ ਹੀ ਸਭ ਕੁਝ ਸਮਝੀ ਬੈਠਾ ਹੈ ਅਤੇ ਦੇਹ-ਅਧਿਆਸ ਵਿਚ ਹੀ ਦਿਨ ਰਾਤ ਉਰਝਿਆ ਪਿਆ ਹੈ। ਪੇਟ ਭਰਨਾ ਤੇ ਪਸ਼ੂਆਂ ਵਾਂਗ ਸੌਂ ਰਹਿਣਾ ਹੀ ਧਰਤੀ ਦੇ ਸਰਦਾਰ ਦੀ ਨਿਤ-ਕਿਰਿਆ ਹੈ। ਅਗਿਆਨੀ ਮਨੁਖ ਆਤਮਾ ਤੇ ਪ੍ਰਮਾਤਮਾ ਦੀ ਹੋਂਦ ਤੋਂ ਹੀ ਮੁਨਕਰ ਹੋ ਗਿਆ ਹੈ। ਇਸ ਉਲਟੇ ਵਰਤਾਰੇ ਦਾ ਵਚਿਤ੍ਰ ਫ਼ੋਟੋ ਗੁਰਬਾਣੀ ਅੰਦਰ ਇਉਂ ਚਿਤਰਿਆ ਮਿਲਦਾ ਹੈ—

ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥ ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ ਸੋ ਦੂਰਿ ਪਰਾਨੈ ॥ ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥ ਸੰਗਿ ਸਹਾਈ ਤਿਸੁ ਪਰਹਰੈ ॥ ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥
[ਗਉੜੀ ਸੁਖਮਨੀ ਮਹਲਾ ੫

**ਪਦਾਰਥਾਂ ਦੀ ਅਯੋਗ ਵਰਤੋਂ—**

ਮਾਇਕ ਪਦਾਰਥ ਤੇ ਸ੍ਰੀਰਕ ਸੁਖ ਤਾਂ ਇਸ ਲਈ ਪੈਦਾ ਕੀਤੇ ਗਏ ਹਨ ਕਿ ਮਨੁਖ ਸ੍ਰੀਰਕ ਲੋੜਾਂ ਤੋਂ ਨਿਸਚਿੰਤ ਹੋ ਕੇ ਆਪਣੇ ਨਿਜ-ਕੇਂਦਰ ਨਾਲ ਜੁੜੇ ਰਹਿਣ ਦੇ ਆਹਰ ਵਿਚ ਹੀ ਨਿਮਗਨ ਰਹੇ। ਪਰ ਆਤਮ-ਰਸ ਤੋਂ ਘੁੱਥਾ ਮਨੁੱਖ ਸ੍ਰੀਰਕ ਚਸਕਿਆਂ ਦਾ ਸ਼ਿਕਾਰ ਹੋ ਗਿਆ। ਹੋਛੇ ਰਸਾਂ ਦੇ ਜਾਲ ਵਿਚ ਫਸ ਕੇ ਖੁਆਰੀ ਦੇ ਰਾਹ ਹੋ ਤੁਰਿਆ। ਰਸ-ਕਸ ਗ੍ਰਸੇ ਮਨੁਖ ਦਾ ਵਰਨਣ ਗੁਰੂ ਬਾਬੇ ਨੇ ਕਿਹਾ ਸੁਹਣਾ ਕੀਤਾ ਹੈ—

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥
[ਸਿਰੀ ਰਾਗੁ ਮ: ੧, ਪੰਨਾ ੧੫

ਚਸਕਿਆਂ ਵਿਚ ਫਸੇ ਮਨੁੱਖ ਨੂੰ ਆਪਣੇ ਸਰੀਰ ਦੀ ਸੰਭਾਲ ਵੀ ਵਿਸਰ ਜਾਂਦੀ ਹੈ। ਐਸੇ ਮਨੁਖ ਦਾ ਸਰੀਰ ਤੇ ਮਨ ਵਿਕਾਰੀ ਹੋ ਜਾਂਦੇ ਹਨ। ਵਿਕਾਰਾਂ ਤੋਂ ਰੋਗ ਦੀ ਉਤਪਤੀ ਹੋਣੀ ਅਵੱਸ਼ ਹੈ। ਗੁਰਬਾਣੀ ਦਾ ਕਥਨ ਹੈ:—

(੧) ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥ [ਸਲੋਕ ਮ: ੧, ਪੰਨਾ ੭੮੫
(੨) ਖਸਮੁ ਵਿਸਾਰਿ ਕੀਏ ਰਸ ਭੋਗ ॥
ਤਾਂ ਤਨਿ ਉਠਿ ਖਲੋਏ ਰੋਗ ॥
[ਮਲਾਰ ਮ: ੧, ਪੰਨਾ ੧੨੫੬



www.AKJ.Org

(੩) ਮਿਠਾ ਕ੍ਰਿਰਿ ਕੈ ਕਉੜਾ ਖਾਇਆ ॥ ਤਿਨਿ ਕਉੜੈ ਤਨਿ ਰੋਗੁ ਜਮਾਇਆ ॥

[ਵਾਰ ਸਾਰੰਗ, ਮ: ੧, ਪੰਨਾ ੧੨੪੩

**ਹੋਛੇ ਰਸ ਤੇ ਸੁਖ—**

ਸੁਖ ਦੇ ਢੂੰਢਾਊ ਮਨੁੱਖ ਨੇ ਹਰ ਉਹ ਉਦਮ ਕੀਤਾ ਜਿਸ ਨਾਲ ਉਸ ਦਾ ਸੀਰਕ ਸੁਖ ਬਣਿਆ ਰਹੇ। ਇਸ ਲਈ ਜਾਇਜ਼ ਤੇ ਨਾਜਾਇਜ਼ ਕਈ ਢੰਗ ਵਰਤੋਂ ਵਿਚ ਲਿਆ ਕੇ, ਜਣੇ ਖਣੇ ਦੀ ਮੁਥਾਜੀ ਕਰ ਕੇ ਸ੍ਵੈ-ਮਾਨਤਾ ਦਾ ਦੀਵਾਲਾ ਕਢਿਆ। ਪਰ ਸੁਖ ਕਿਤੋਂ ਨ ਮਿਲਿਆ। ਭੂਲੇ ਮਨੁੱਖ ਨੂੰ ਏਨੀ ਸਮਝ ਨਹੀਂ ਕਿ ਸੁਖ ਦਾ ਸੋਮਾ ਤਾਂ ਉਹ ਦੇ ਅੰਦਰ ਹੈ। ਅੰਦਰ ਅੰਮ੍ਰਿਤ ਦਾ ਸਾਗਰ ਸੁਭਰ-ਭਰਪੂਰ ਠਾਠਾਂ ਮਾਰਦਾ ਹੈ। ਬਦ-ਕਿਸਮਤ ਕਦੇ ਬੁਕ ਭਰ ਕੇ ਪੀਣ ਦਾ ਉਦਮ ਨਹੀਂ ਕਰਦਾ, ਗਊ-ਥਣ ਨਾਲ ਲੱਗੀ ਚਿਚੜੀ ਵਾਂਗ ਦੁਧ ਦੀ ਥਾਂ ਲਹੂ ਪੀਣ ਵਿਚ ਹੀ ਮਸਤ ਹੈ। ਆਪਣੀ ਕਥੂਰੀ ਤੋਂ ਬੇਖ਼ਬਰ ਝਾੜੀ ਫਾਥੇ ਮਿਰਗ ਵਾਂਗੂ ਹੈ। ਭਲਾ ਬਾਹਰਲੇ ਬਿਨਸਨਹਾਰ ਮਾਇਕ ਪਦਾਰਥਾਂ ਵਿਚ ਸਦੀਵੀ ਸੁਖ ਕਿਥੇ ? ਯਥਾ ਗੁਰਵਾਕ:—

ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥ ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥ ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ ਰਹਾਉ ॥ ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥ ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥੨॥ ਤਖਤੁ ਸਭਾ ਮੰਡਨ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥ ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥੩॥ ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥ ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥੪॥

[ਗਉੜੀ ਗੁਆਰੇਰੀ ਮ: ੫, ਪੰਨਾ ੧੭੯

**ਸੁਖ-ਸੁਖ ਨਿਰਣਾ—**

ਸੁਖ-ਦੁਖ ਬਾਰੇ ਹਰ ਇਕ ਮਨੁੱਖ ਦਾ ਦ੍ਰਿਸ਼ਟੀਕੋਣ ਆਪੋ ਆਪਣਾ ਹੈ, ਜਿਸ ਦਾ ਨਿਰਭਰ ਹਰ ਇਕ ਦੀ ਆਪਣੀ ਮਾਨਸਿਕ ਅਵਸਥਾ ਤੇ ਸੂਝ ਬੂਝ ਤੇ ਹੈ। ਬਚਪਨ ਵਿਚ ਪੜ੍ਹਾਈ ਦੁਖਦਾਈ ਭਾਸਦੀ ਹੈ, ਪਰ ਵਡੇਰੇ ਹੋ ਕੇ ਜਦ ਪੜ੍ਹਿਆਂ ਲਿਖਿਆਂ ਦੀ ਕਦਰ ਹੁੰਦੀ ਹੈ ਤਾਂ ਪੜ੍ਹਾਈ ਸੁਖਦਾਈ ਹੋ ਕੇ ਪ੍ਰਗਟਦੀ ਹੈ। ਉਂਜ ਦੁਖ-ਸੁਖ ਦੀ ਕੋਈ ਅਡਰੀ ਹੋਂਦ ਨਹੀਂ ਹੈ। ਅਸਲੀ ਅਨੰਦ ਸਮਾਨ ਤੇ ਸਹਿਜ ਜੀਵਨ ਬਤੀਤ ਕਰਨ ਵਿਚ ਹੈ। ਜਦੋਂ ਜੀਵਨ ਦੇ ਤਰਾਜ਼ੂ ਦਾ ਕੋਈ ਪਲੜਾ ਭਾਰੀ ਹੁੰਦਾ ਹੈ ਤਾਂ ਦੁਖ-ਸੁਖ ਦਾ ਚੱਕਰ ਚਲਦਾ ਹੈ। ਹਰ ਸੁਖ ਦੀ ਕੁਖੋਂ ਦੁਖ ਦਾ ਜਨਮ ਹੁੰਦਾ ਹੈ। ਤੇ ਹਰ ਦੁਖ ਪਿਛੋਂ ਸੁਖ। ਯਥਾ ਗੁਰਵਾਕ—

ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥

[ਪ੍ਰਭਾਤੀ ਮ: ੧, ਪੰਨਾ ੧੩੨੮

ਸਾਧਾਰਨ ਤੋਰ ਤੇ ਮਨੁੱਖ ਆਪਣੀਆਂ ਖ਼ਾਹਸ਼ਾਂ ਦੀ ਪੂਰਤੀ ਤੇ ਸੁਖ ਪ੍ਰਤੀਤ ਕਰਦਾ ਹੈ ਅਤੇ ਅਪੂਰਤੀ ਤੇ ਦੁਖ। ਪਰ ਹਰ ਖ਼ਾਹਿਸ਼ ਦਾ ਪੂਰੇ ਹੋਣਾ ਇਕ ਨਵੀਂ ਖ਼ਾਹਿਸ਼ ਦੀ ਉਤਪਤੀ ਦਾ ਪੇਸ਼ਖ਼ੇਮਾ ਹੁੰਦਾ ਹੈ। ਇੰਜ ਮਨੁਖ ਦੇ ਜੀਵਨ ਵਿਚ ਉਹ ਸੁਭਾਗ ਸਮਾਂ ਕਦੀ ਨਹੀਂ ਆਉਂਦਾ, ਜਦੋਂ ਉਹ ਪ੍ਰਤੀਤ ਕਰੇ ਕਿ ਹੁਣ ਉਸਦੀ ਕੋਈ ਖ਼ਾਹਿਸ਼ ਬਾਕੀ ਨਹੀਂ। ਖ਼ਾਹਿਸ਼ਾਂ ਪਦਾਰਥਕ ਪ੍ਰਾਪਤੀ ਦੇ ਨਾਲ ਬੁਝਣ ਦੀ ਥਾਂ ਸਗੋਂ ਭੜਕਦੀਆਂ ਹਨ ਤੇ ਹਰ ਦਮ ਮਨੁਖ ਨੂੰ ਦੁਖੀ ਤੇ ਬੇਚੈਨ ਕਰਦੀਆਂ ਹਨ। ਖ਼ਾਹਿਸ਼ਾਂ ਦੇ ਮਾਰਨ ਦਾ ਸਫਲ ਸਾਧਨ ਉਹਨਾਂ ਦੀ ਪੂਰਤੀ ਵਿਚ ਨਹੀਂ, ਸਗੋਂ ਉਹਨਾਂ ਤੋਂ ਉਪਰਾਮਤਾ ਤੇ ਸੰਤੋਖ ਦੀ ਧਾਰਨਾ ਕਰਨ ਵਿਚ ਹੈ। ਯਥਾ ਗੁਰਵਾਕ—

ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ [ਸੁਖਮਨੀ ਅਸ਼: ੧੨

ਵੀਹਵੀਂ ਸਦੀ ਦੇ ਪਦਾਰਥਕ ਉਨਤੀ ਦੇ ਜੁਗ ਵਿਚ ਸੰਤੋਖ ਦੀ ਧਾਰਨਾ ਕਰਨੀ ਵੀ ਕਿਹੜੀ ਸੌਖੀ ਹੈ, ਜਦ ਕਿ ਆਸੇ ਪਾਸੇ ਸਾਰੇ ਮਨੁੱਖੀ ਸਮਾਜ ਵਿਚ ਲੋਭ-ਲਾਲਚ ਦਾ ਹੜ੍ਹ ਆਇਆ ਪਿਆ ਹੈ। ਲੋਭ ਦੇ ਹਲਕਾਏ ਹੋਇ ਤ੍ਰਿਸ਼ਨਾਲੂ ਪੁਰਸ਼ ਭੁਖੇ-ਬਾਂਦਰਾਂ ਵਾਂਗੂ



www.AKJ.Org

ਆਪਸ ਵਿਚ ਲੜਦੇ ਤੇ ਦੁਖੀ ਹੁੰਦੇ ਹਨ। ਐਸੀ ਦੁਰਦਸ਼ਾ ਵਿਚ ਸੰਤੋਖ ਦਾ ਧਨ ਕੇਵਲ ਉਸ ਵਡਭਾਗੇ ਦੇ ਹਿਸੇ ਆਉਂਦਾ ਹੈ ਜਿਸ ਦੇ ਅੰਦਰ ਨਾਮ ਦੀ ਠੰਡ ਆ ਪ੍ਰਵੇਸ਼ ਕਰੇ। ਨਾਮ ਦੀ ਠੰਡਕ ਨਾਲ ਹੀ ਤ੍ਰਿਸ਼ਨਾ ਦੀ ਅਗਨੀ ਬੁਝ ਸਕਦੀ ਹੈ । ਗੁਰਬਾਣੀ ਦਾ ਫੁਰਮਾਨ ਹੈ :—

ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥

[ਧਨਾਸਰੀ ਮ: ੫, ਪੰਨਾ ੬੮੨

ਨਾਮ-ਰਸ ਦੀ ਮਸਤੀ ਵਿਚ ਮਨੁੱਖੀ ਭੁਖ ਦੀ ਤ੍ਰਿਪਤੀ ਹੋ ਜਾਦੀ ਹੈ, ਮਨ ਸਾਂਤ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਸੁਖ ਅੰਦਰ ਪਰਵੇਸ਼ ਹੋ ਆਉਂਦਾ ਹੈ। ਐਸਾ ਵਡਵਾਗਾ ਮਨੁੱਖ ਨਾਮ-ਮਸਤੀ ਵਿਚ ਖੀਵਾ ਹੋ ਗੱਜ ਉਠਦਾ ਹੈ:—

ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਅਨੰਦ
ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ
ਸਭਿ ਦੁਖੁ ॥ [ਟੋਡੀ ਮ: ੫, ਪੰਨਾ ੭੧੭

ਪੁਨਾ—ਅਬ ਮੈ ਸੁਖੁ ਪਾਇਓ ਗੁਰ ਆਗਿ੍ ॥ ਤਜੀ
ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ
ਤਿਆਗਿ੍ ॥ [ਜੈਤਸਰੀ ਮ: ੫, ਪੰਨਾ ੭੦੭

ਵੈਸੇ ਸੁਖ-ਦੁਖ ਮਨੁਖੀ ਸਰੀਰ ਦੇ ਕਪੜੇ ਹਨ। ਜਿਸ ਤਰ੍ਹਾਂ ਬਦਲਦੀਆਂ ਰੁਤਾਂ ਵਿਚ ਮਨੁਖੀ ਲਿਬਾਸ ਵਿਚ ਤਬਦੀਲੀ ਹੁੰਦੀ ਹੈ, ਇਸ ਤਰ੍ਹਾਂ ਹੀ ਬਦਲਦੀਆਂ ਮਾਨਸਿਕ ਰੁਚੀਆਂ ਲਈ ਦੁਖ-ਸੁਖ ਦੇ ਕਪੜਿਆਂ ਦੀ ਤਬਦੀਲੀ ਵੀ ਉਚਿਤ ਹੈ। ਦੁਖ ਦੇ ਨਾਲ ਹੀ ਸੁਖ ਦੀ ਕਦਰ ਤੇ ਕੀਮਤ ਪੈਂਦੀ ਹੈ। ਜਿਸ ਤਰ੍ਹਾਂ ਸਰੀਰ ਨੂੰ ਜ਼ਿਆਦਾ ਸੁਖ-ਰਹਿਣਾ ਰਖਣ ਨਾਲ ਸਰੀਰਕ ਅੰਗ ਢਿਲਕਵੇਂ ਤੇ ਬੇਡੋਲ ਹੋ ਜਾਂਦੇ ਹਨ ਤੇ ਕਦੀ ਕਦੀ ਸਰੀਰ ਰੋਗੀ ਵੀ ਹੋ ਜਾਂਦਾ ਹੈ। ਇਸ ਦਾ ਇਲਾਜ ਹੈ ਕਸਰਤ ਕਰਨਾ। ਜੋ ਓਪਰੀ ਨਜ਼ਰੇ ਦੁਖ ਭਾਸਦਾ ਹੈ, ਪਰ ਹੈ ਸੁਖਦਾਈ। ਏਸੇ ਤਰ੍ਹਾਂ ਦੁਖ ਸਾਡਾ ਪੀ. ਟੀ. ਮਾਸਟਰ ਹੈ ਜੋ ਸਾਡੇ ਢਿਲੇ ਤੇ ਰੋਗੀ ਮਨ ਦੀ ਕਸਰਤ ਕਰਵਾਉਂਦਾ ਹੈ ਤੇ ਇਸ ਨੂੰ ਅਰੋਗ ਕਰਦਾ ਹੈ। ਤਾਂ ਹੀ ਤੇ ਜਗਤ-ਵੈਦ ਬਾਬੇ ਨੇ ਦੁਖ ਨੂੰ ਦਾਰੂ ਦਸਿਆ ਹੈ। ਯਥਾ ਗੁਰਵਾਕ :—

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ
ਨ ਹੋਈ ॥ [ਆਸਾ ਕੀ ਵਾਰ

ਸੁਖ-ਦੁਖ ਦਾ ਸਾਰਾ ਨਿਰਭਰ ਨਿਰਾ ਮਨੁਖ ਦੇ ਇਸ ਮਨੁੱਖੀ ਜਾਮੇ ਵਿਚ ਕੀਤੇ ਕਰਮਾਂ ਤੇ ਹੀ ਸੀਮਤ ਨਹੀਂ, ਬਹੁਤ ਹਾਲਤਾਂ ਵਿਚ ਮਨੁਖ ਨੂੰ ਆਪਣੇ ਪੂਰਬਲੇ ਕਰਮਾਂ ਦੇ ਰੋਗ ਵਜੋਂ ਵੀ ਸੁਖ-ਦੁਖ ਵਾਪਰਦਾ ਹੈ। ਪਿਛਲੇ ਜਨਮ-ਕਰਮਾਂ ਤੋਂ ਅਨਜਾਣ ਮਨੁਖ, ਦੁਖ ਆਉਣ ਤੇ ਦੁਖੀ ਤੇ ਸੁਖ ਆਉਣ ਤੇ ਬਫਾਉਣ ਲੱਗ ਜਾਂਦਾ ਹੈ। ਆਦਰਸ਼ਕ ਮਨੁੱਖ ਉਹੋ ਹੀ ਹੈ ਜੋ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਰਵ੍ਹੇ ਤੇ ਸੁਖ-ਦੁਖ ਨੂੰ ਸਮ ਕਰ ਜਾਣੇ। ਯਥਾ ਗੁਰਵਾਕ—

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ
ਅਭਿਮਾਨੁ ॥ ਕਹੁ ਨਾਨਕ ਸੁਨੁ ਰੇ ਮਨਾ ਸੋ
ਮੂਰਤਿ ਭਗਵਾਨ ॥੧੩॥ [ਸਲੋਕ ਮ: ੯

---

## ਚੰਡੀਗੜ੍ਹ ਵਿਖੇ ਕੀਰਤਨ ਰੈਣ-ਸਬਾਈ

ਸਮੂੰਹ ਸੰਗਤਾਂ ਦੀ ਸੇਵਾ ਵਿਖੇ ਸਨਿਮਰ ਬੇਨਤੀ ਹੈ ਕਿ ਚੰਡੀਗੜ੍ਹ ਸੈਕਟਰ ੨੭ ਡੀ, ਮਕਾਨ ਨੰਬਰ ੩੪੬੬ ਵਿਖੇ ੨੨ ਮਈ ਸਨੀਵਾਰ ਦੀ ਰਾਤ ਨੂੰ ਰੈਣ-ਸਬਾਈ ਦੇ ਕੀਰਤਨ ਹੋ ਰਹੇ ਹਨ। ਸਮੂਹ ਗੁਰਮੁਖ ਪਿਆਰੇ ਵੀਰ ਪਰਵਾਰਾਂ ਸਮੇਤ ਹਰ ਜਸ ਦੇ ਇਲਾਹੀ ਕੀਰਤਨ ਦਾ ਅਨੰਦ ਮਾਣਨ ਲਈ ਆਇ ਦੀਦਾਰ ਬਖ਼ਸ਼ੋ ਜੀ।

ਪ੍ਰਾਰਥ—ਅਖੰਡ ਕੀਰਤਨੀ ਜੱਥਾ, ਤਹਿਸੀਲ ਖਰੜ

---

**ਸਾਡੇ ਪ੍ਰੇਮੀ ਪਾਠਕ ਜੀ—** ਆਪ ਦੀਆਂ ਭੇਜੀਆਂ ਖੁਸ਼ੀਆਂ ਲਈ ਧੰਨਵਾਦ। ਇਸ ਗੁਰਮਤਿ ਦੇ ਪਰਚਾਰ ਨੂੰ ਵਧਦਾ ਫੁਲਦਾ ਰਖਣ ਲਈ 'ਸੂਰਾ' ਪੱਤਰ ਲਈ ਵਧ ਤੋਂ ਵਧ ਨਵੇਂ ਮੈਂਬਰ ਬਣਾਓ ਜੀ।



www.AKJ.Org

# ਤਿਆਗ ਮਲ ਜੀ ਦੇ ਤਿਆਗ ਦੀ ਗੱਲ

[ਵਲੋਂ:—ਗਿਆਨੀ ਦੀਦਾਰ ਸਿੰਘ ਜੀ, ਰੋਪੜ]

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਚਪਨ ਦਾ ਪਹਿਲਾ ਨਾਂ ਤਿਆਗ ਮੱਲ ਸੀ। ਅੰਮ੍ਰਿਤਸਰ ਵਿਚ 'ਆਸਾ ਦੀ ਵਾਰ' ਦੇ ਭੋਗ ਉਪ੍ਰੰਤ ਜਦ ਬਾਬਾ ਬੁੱਢਾ ਜੀ ਨੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਇਸ ਬਾਲਕ ਦੇ ਆਗਮਨ ਦੀ ਖ਼ਬਰ ਸੁਣਾਈ ਤਾਂ ਮਹਾਰਾਜ ਉਸੇ ਵੇਲੇ ਘਰ ਵਲ ਤੁਰ ਪਏ। ਇਸ ਘਰ ਦਾ ਹੁਣ ਨਾਂ ਗੁਰਦਵਾਰਾ 'ਗੁਰੂ ਕੇ ਮਹਿਲ' ਅੰਮ੍ਰਿਤਸਰ ਹੈ।

ਬਾਲਕ ਨੂੰ ਵੇਖ ਕੇ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਸੀਸ ਨਿਵਾਇਆ, ਪੈਰ ਪਲੋਸੇ ਤੇ ਬੜਾ ਸਤਿਕਾਰ ਤੇ ਪਿਆਰ ਦਿਤਾ। ਇਸ ਤੋਂ ਪਹਿਲਾਂ ਗੁਰੂ ਸਾਹਿਬ ਦੇ ਚਾਰ ਸਾਹਿਬਜ਼ਾਦੇ ਹੋਰ ਸਨ। ਪਰ ਉਹਨਾਂ ਦੇ ਜਨਮ ਸਮੇਂ ਗੁਰੂ ਸਾਹਿਬ ਨੇ ਕਦੀ ਖ਼ਾਸ ਧਿਆਨ ਨਹੀਂ ਦਿਤਾ ਸੀ। ਇਸ ਬਾਲਕ ਦਾ ਇਤਨਾ ਸਤਿਕਾਰ ਤੇ ਪਿਆਰ ਵੇਖ ਕੇ ਜਿਥੇ ਸਭ ਹੈਰਾਨ ਸਨ, ਉਥੇ ਸਭ ਮਹਿਸੂਸ ਕਰਦੇ ਸਨ ਕਿ ਇਹ ਵਿਅਕਤੀ ਜ਼ਰੂਰ ਕੋਈ ਮਹਾਨ ਹੋਵੇਗਾ।

ਆਖ਼ਰ ਭਾਈ ਬਿਧੀ ਚੰਦ ਜੀ ਨੇ ਪੁਛ ਹੀ ਲਿਆ। ਮਹਾਰਾਜ ਨੇ ਉੱਤਰ ਦਿੰਦਿਆ ਕਿਹਾ ਕਿ ਇਹ ਲਾਲ ਐਸਾ ਆਇਆ ਹੈ, ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਹੋਰ ਉੱਚਾ ਕਰਨਾ ਹੈ। ਇਹ ਦੀਨ-ਰਖਿਅਕ ਅਤੇ ਸੰਕਟ ਹਰਨ ਵਾਲਾ ਵੀ ਹੋਵੇਗਾ।

ਸ੍ਰੀ ਤਿਆਗ ਮਲ ਜੀ ਦੇ ਨਾਂ ਨਾਲ ਇਹਨਾਂ ਦੇ ਤਿਆਗ ਦੀਆਂ ਇਤਨੀਆਂ ਘਟਨਾਵਾਂ ਸ਼ਾਮਲ ਹਨ, ਜਿਹਨਾਂ ਦਾ ਵਰਣਨ ਕਰਨਾ ਬਹੁਤ ਮੁਸ਼ਕਿਲ ਹੈ। ਪਰ 'ਬਾਬਾਣੀਆਂ ਕਹਾਣੀਆ, ਪੁੱਤ ਸਪੁੱਤ ਕਰੇਨ' ਅਨੁਸਾਰ ਮਹਾਰਾਜ ਦੇ ਜੀਵਨ ਵਿਚੋਂ ਉਨ੍ਹਾਂ ਦੇ ਤਿਆਗ ਦੀਆਂ ਇਕ ਦੋ ਗੱਲਾਂ ਪਾਠਕਾਂ ਦੇ ਨਾਲ ਸਾਂਝੀਆਂ ਕਰਦੇ ਹਾਂ।

ਸ੍ਰੀ ਤਿਆਗ ਮੱਲ ਜੀ ਹਾਲਾਂ ਚਾਰ ਸਾਲਾਂ ਦੇ ਹੀ ਸਨ ਜਦ ਉਹਨਾਂ ਦੇ ਸਭ ਤੋਂ ਵੱਡੇ ਭਰਾਤਾ ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਹੋਣ ਕਾਰਨ ਜਿਥੇ ਬੜੇ ਚਾਅ ਅਤੇ ਮਲ੍ਹਾਰ ਸਨ, ਉਥੇ ਗੁਰੂ-ਪੁੱਤ ਹੋਣ ਕਾਰਨ ਸ਼ਰਧਾ ਪਿਆਰ ਤੇ ਸਤਿਕਾਰ ਵੀ ਸੀ।

ਸਭ ਲਈ ਸੁਹਣੇ ਕਪੜੇ ਤਿਆਰ ਹੋਣੇ ਹੀ ਸਨ ਅਤੇ ਹੋਏ, ਜੋ ਕਿ ਬਰਾਤ ਵੇਲੇ ਸਭ ਨੇ ਸਜਾਏ। ਬਾਲਕ ਤਿਆਗ ਮੱਲ ਜੀ ਨੂੰ ਵੀ ਰੇਸ਼ਮੀ ਬਸਤਰ ਪਹਿਨਾਏ ਗਏ। ਸਜੇ ਹੋਇ ਬਰਾਤੀਆਂ ਵਿਚੋਂ ਕਿਸੇ ਦਾ ਧਿਆਨ ਕਿਸੇ ਵਲ, ਕਿਸੇ ਦਾ ਕਿਸੇ ਵਲ, ਪਰ ੪ ਸਾਲ ਦੇ ਬਾਲਕ ਸ੍ਰੀ ਤਿਆਗ ਮੱਲ ਜੀ ਦਾ ਉਨ੍ਹਾਂ ਗਰੀਬ ਅਤੇ ਅੱਧ-ਪਚੱਧੇ ਨੰਗੇ ਬੱਚਿਆਂ ਵਲ ਸੀ ਜੋ ਕਿ ਬਰਾਤ ਨੂੰ ਉੱਚੀ ਨੀਵੀਂ ਥਾਂ ਤੇ ਖਲੋ ਕੇ ਵੇਖ ਰਹੇ ਸਨ। ਇਕ ਨੰਗ-ਧੜੰਗ ਬਾਲਕ ਨੂੰ ਆਪਣੇ ਰੇਸ਼ਮੀ ਕਪੜੇ ਉਤਾਰ ਕੇ ਪਵਾ ਦਿਤੇ ਅਤੇ ਆਪ ਨੰਗੇ ਹੀ ਦੌੜਦੇ ਹੋਏ ਮੁੜ ਮਾਤਾ ਜੀ ਕੋਲ ਆ ਗਏ।

ਮਾਤਾ ਜੀ ਨੇ ਵੇਖ ਕੇ ਹੈਰਾਨ ਹੋਣਾ ਹੀ ਸੀ। ਸੋ ਹੈਰਾਨਗੀ ਨਾਲ ਪੁੱਛਣ ਤੇ ਦੱਸਿਆ ਕਿ ਉਹ ਗਰੀਬ ਬਾਲਕ ਨੰਗਾ ਸੀ। ਉਸ ਕੋਲ ਕੁਝ ਨਹੀਂ ਸੀ। ਉਸ ਨੂੰ ਕੋਈ ਦੇਣ ਵਾਲਾ ਭੀ ਨਹੀਂ ਸੀ। ਮੈਂ ਇਸ ਲਈ ਦੇ ਆਇਆ ਹਾਂ ਕਿ ਤੁਸੀਂ ਮੈਨੂੰ ਹੋਰ ਦੇ ਦਿਓਗੇ।

ਚਾਰ ਸਾਲ ਦੀ ਉਮਰ ਵਿਚ ਮਹਾਰਾਜ ਕੋਲੋਂ ਇਕ ਦਾ ਨੰਗੇਜ ਨਹੀਂ ਦੇਖਿਆ ਗਿਆ—ਵੱਡੇ ਹੋ ਕੇ ਜਦ ਆਪ ਨੇ ਹਿੰਦ ਨੂੰ ਨੰਗੀ ਹੁੰਦਿਆਂ ਵਖਿਆ ਤਾਂ ਆਪ ਨੇ ਆਪਣੀ ਸਰੀਰ ਰੂਪੀ ਚਾਦਰ (ਸ਼ਹੀਦੀ ਦੇ ਕੇ) ਹਿੰਦ ਦਾ ਨੰਗੇਜ ਢੱਕਿਆ। ਜਿਸ ਕਰਕੇ ਆਪ ਜੀ ਨੂੰ ਹਿੰਦ ਦੀ ਚਾਦਰ ਦੇ ਨਾਂ ਦੇ ਨਾਲ ਯਾਦ ਕੀਤਾ ਜਾਂਦਾ ਹੈ।

**ਤਪ ਤੋਂ ਤਿਆਗ–**

ਗੁਰੂ ਸਾਹਿਬ ਬਾਬਾ ਬਕਾਲਾ ਵਿਖੇ ਜਦ ੨੧ ਸਾਲ ਦੀ ਤਪੱਸਿਆ ਦੇ ਮਗਰੋਂ 'ਗੁਰੂ' ਪਰਗਟ ਹੋਏ ਤਾਂ ਧੀਰ ਮੱਲ ਨੇ ਗੋਲੀ ਚਲਾਈ। ਸ਼ੀਂਹੇ ਮਸੰਦ ਨੇ ਵੀ ਗੋਲੀ ਮਾਰੀ, ਜਿਸ ਨਾਲ ਮਹਾਰਾਜ ਦਾ ਮੱਥਾ ਲਹੂ



www.AKJ.Org

ਲੁਹਾਨ ਹੋ ਗਿਆ। ਆਪ ਸ਼ਾਂਤੀ ਦੇ ਪੁੰਜ ਬਿਲਕੁਲ ਕ੍ਰੋਧ ਵਿਚ ਨਾ ਆਏ, ਪਰ ਜਦ ਮੱਖਣ ਸ਼ਾਹ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਆਪਣੇ ਸਾਥੀਆਂ ਸਮੇਤ ਗੁਰੂ ਸਾਹਿਬ ਦਾ ਸਾਰਾ ਸਾਮਾਨ, ਜੋ ਕਿ ਧੀਰ ਮਲ ਅਤੇ ਉਸਦੇ ਸਾਥੀ ਲੈ ਗਏ ਸਨ, ਉਨ੍ਹਾਂ ਕੋਲੋਂ ਖੋਹ ਕੇ ਸਾਰੇ ਦਾ ਸਾਰਾ ਵਾਪਸ ਲੈ ਆਇਆ ਅਤੇ ਧੀਰ ਮੱਲ ਦੀਆਂ ਮੁਸ਼ਕਾਂ ਬੰਨ੍ਹ ਕੇ ਮਹਾਰਾਜ ਸਾਹਮਣੇ ਪੇਸ਼ ਕੀਤਾ।

ਤਿਆਗ ਦੀ ਮੂਰਤੀ ਦਇਆਲੂ ਗੁਰੂ ਮਹਾਰਾਜ ਜੀ ਨੇ ਜਿਥੇ ਸਾਰਾ ਉਸ ਦਾ ਲੁੱਟਿਆ ਧਨ ਤੇ ਸਾਮਾਨ ਵੀ ਮੋੜ ਦਿੱਤਾ, ਸਿੱਖਾਂ ਦੇ ਕਹਿਣ ਉਤੇ ਮਹਾਰਾਜ ਨੇ ਕਿਹਾ 'ਦਰਬ ਕੇ ਕਾਰਨੇ ਗੁਰੂ ਨੇ ਦੁਕਾਨ ਨਹੀਂ ਪਾਈ।' ਭਾਵ ਗੁਰੂ ਸਾਹਿਬ ਨੇ ਹੋਰਨਾਂ ਵਾਂਗ ਪੈਸੇ ਇਕੱਠੇ ਕਰਨ ਲਈ ਦੁਕਾਨ ਨਹੀਂ ਪਾਈ, ਸਗੋਂ ਕੁਝ ਪਲਿਓਂ ਦੇਣ ਲਈ ਖੋਲ੍ਹੀ ਹੈ। ਮਹਾਰਾਜ ਨੇ ਆਪਣੀਆਂ ਚੀਜ਼ਾਂ, ਜੋ ਧੀਰ ਮੱਲ ਹੋਰੀਂ ਲੁੱਟ ਕੇ ਲੈ ਗਏ ਸਨ, ਵਿਚੋਂ ਕੋਈ ਵੀ ਨਾ ਰੱਖੀ।

ਇਹ ਸੀ ਸ੍ਰੀ ਤਿਆਗ ਮਲ ਜੀ ਦੇ ਤਿਆਗ ਦੀ ਹੋਰ ਗੱਲ। ਪਰ ਦੇਖੀਏ ਅੱਜ ਅਸੀਂ ਇਸ ਮਹਾਨ ਤਿਆਗੀ ਗੁਰੂ ਜੀ ਦੇ ਅਖਵਾਉਣ ਵਾਲੇ ਸਿੱਖ ਕੀ ਕੀ ਕਰ ਰਹੇ ਹਾਂ?

ਗੁਰੂ ਬਾਲਕ ੪ ਸਾਲ ਦੀ ਉਮਰ ਵਿਚ ਇਕ ਦਾ ਨੰਗੇਜ ਨਹੀਂ ਸੀ ਦੇਖ ਸਕਿਆ, ਪਰ ਅਸੀਂ ਬਾਪ ਦਾਦੇ ਵੇਲੇ ਤੋਂ ਚਲੇ ਆ ਰਹੇ ਗੁਰੂ ਦੇ ਅਖਵਾਉਣ ਵਾਲੇ ਸਿੱਖ ਆਪੋ ਆਪਣੀ ਥਾਂ ਸੋਚੀਏ ਕਿ ਕੀ ਅਸੀਂ ਵੀ ਕਦੇ ਕਿਸੇ ਦਾ ਨੰਗੇਜ ਢੱਕਣ ਦੀ ਕੋਸ਼ਿਸ਼ ਕੀਤੀ?

ਕੀ ਕਦੇ ਕਿਸੇ ਲੋੜਵੰਦ ਦੀ ਲੋੜ ਨੂੰ ਵੇਖ ਕੇ ਜਾਂ ਕਿਸੇ ਦੁਖੀ ਦੇ ਦੁਖ ਨੂੰ ਵੇਖ ਕੇ ਸਾਨੂੰ ਵੀ ਕਦੇ ਤਰਸ ਆਇਆ ਹੈ? ਜੇ ਆਇਆ ਹੈ ਤਾਂ ਉਸ ਗੁਰੂ ਦੀ ਦਿੱਤੀ ਹੋਈ ਦਾਤ ਵਿਚੋਂ (ਦਸਵੰਧ ਵਿਚੋਂ) ਉਸ ਦੀ ਕਦੀ ਲੋੜ ਪੂਰੀ ਕੀਤੀ ਹੈ? ਸੋਚੀਏ! ਜੇ ਕੀਤੀ ਹੈ ਤਾਂ ਠੀਕ ਹੈ। ਨਹੀਂ ਤਾਂ ਉਪਰਲੀ ਸਾਖੀ ਪੜ੍ਹ ਸੁਣ ਕੇ, ਮਹਾਰਾਜ ਜੀ ਦੀ ਇਸ ਯਾਦ ਨੂੰ ਦੁਹਰਾਉਂਦੇ ਹੋਏ, ਸਾਡਾ ਵੀ ਫ਼ਰਜ਼ ਹੈ ਕਿ ਅਸੀਂ ਆਪਣੇ ਦਸਵੰਧ ਨਾਲ ਲੋੜਵੰਦ ਗਰੀਬਾਂ ਦੀ ਸੇਵਾ ਕਰੀਏ।

ਤਨ (ਸਰੀਰ) ਕਰ ਕੇ ਵੀ ਸੇਵਾ ਕਰੀਏ। ਮਨ (ਵਿਚਾਰਾਂ) ਕਰਕੇ ਦਿਲੋਂ ਸੇਵਾ ਦੀ ਭਾਵਨਾ ਅਪਣਾਈਏ ਤਾਂ ਜੁ ਜਨਮ ਸਫਲ ਹੋ ਸਕੇ।

---

## ਯੂ. ਕੇ. ਅਖੰਡ ਕੀਰਤਨੀ ਜੱਥੇ ਵਲੋਂ ਮਈ ਦੇ ਸਪਤਾਹਕ ਪ੍ਰੋਗਰਾਮ

ਯੂ ਕੇ. ਨਿਵਾਸੀ ਸਿਖ ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਮਈ ੧੯੭੯ ਵਿਚ ਜੋ ਕੀਰਤਨ ਪ੍ਰੋਗਰਾਮ ਹੋ ਰਹੇ ਹਨ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। ਜੱਥੇ ਦੇ ਸਮੂੰਹ ਮੈਂਬਰ ਅਤੇ ਸਰਬਤ ਸੰਗਤਾਂ ਨੀਯਤ ਸਮੇਂ ਅਨੁਸਾਰ ਦਰਸ਼ਨ ਦੇ ਕੇ ਹਰਿ ਜਸ ਦੇ ਲਾਹੇ ਪ੍ਰਾਪਤ ਕਰਨ।

| | |
|---|---|
| 2 ਮਈ ਐਤਵਾਰ ਭੋਗ ਅਖੰਡ ਪਾਠ ਅਤੇ ਕੀਰਤਨ | *S. Gurmej Singh Gill, Birmingham-40* |
| 9 ਮਈ ਐਤਵਾਰ ਅਖੰਡ ਕੀਰਤਨ | *Gurdwara Bhatra Bradari 221 Mary St, Balsall Heath, Birmingham-12* |
| 14 ਮਈ ਤੋਂ 16 ਮਈ ਐਤਵਾਰ ਤਕ ਅਖੰਡ ਪਾਠ ਅੱਖੰਡ ਕੀਰਤਨ ਤੇ ਨਾਮ ਅਭਿਆਸ | *Bhai Madan Singh Kirpal 20 Hvrtington Rd. Lozells, Birmingham-69* |
| 22 ਮਈ ਸ਼ਨੀਵਾਰ ਕੀਰਤਨ ਰੈਣ ਸਬਾਈ | *Desmesh Sikh temple Wheders St. Birmingahm-19* |
| 28 ਤੋਂ 30 ਮਈ ਐਤਵਾਰ ਤਕ ਅਖੰਡ ਪਾਠ, ਅਖੰਡ ਕੀਰਤਨ ਤੇ ਨਾਮ ਅਭਿਆਸ | *Bhai Bakhshish Singh Gill 32. Majuba Rd, Smethwick, Birmingham-40 Tel. 021, 558, 4114* |

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ. ਬਿਰਮਿੰਘਮ ਬ੍ਰਾਂਚ, ਯੂ. ਕੇ. 20 *Hartington Road, Lozells, Birmingham*–19, *Tel.* 021, 523, 8133



www.AKJ.Org

# ਜਗਦੇ ਦੀਵੇ ਤੋਂ ਦੀਵਾ—ਧਰਮ ਪਰਚਾਰਕ

[ਵਲੋਂ:—ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ. ਲਿਟ]

ਸੰਨ ੧੯੨੦-੨੧ ਵਿਚ ਜਦੋਂ ਸਹਿਜ ਸੁਭਾਇ ਆਮ ਸਿੱਖ-ਜਨਤਾ ਵਿਚ ਇਹ ਅਹਿਸਾਸ ਪੈਦਾ ਹੋਇਆ ਕਿ ਗੁਰਦੁਆਰਿਆਂ ਵਿਚੋਂ, ਆਏ ਯਾਤਰੂਆਂ ਨੂੰ ਉਹ ਦਾਤ ਨਹੀਂ ਮਿਲ ਰਹੀ ਜਿਸ ਦੇ ਵੰਡਣ ਲਈ ਇਹ ਬਣਾਏ ਗਏ ਸਨ, ਤਾਂ ਚਾਰ-ਚੁਫੇਰੇ ਸਾਰੀ ਸਿੱਖ-ਕੌਮ ਵਿਦ ਆਪ-ਮੁਹਾਰਾ ਇਹ ਜਜ਼ਬਾ ਲਹਿਰਾਂ ਮਾਰਨ ਲੱਗ ਪਿਆ ਕਿ ਇਹਨਾਂ ਗੁਰਦੁਆਰਿਆਂ ਦਾ ਪਰਬੰਧ ਕੌਮ ਦੇ ਆਪਣੇ ਹੱਥਾਂ ਵਿਚ ਹੋਣਾ ਚਾਹੀਦਾ ਹੈ। ਜਿਉਂ ਜਿਉਂ ਸਿੱਖ-ਕੌਮ ਜੱਥੇਬੰਦ ਹੋ ਕੇ ਗੁਰਦੁਆਰਿਆਂ ਦੇ ਪਰਬੰਧ ਨੂੰ ਸੁਧਾਰਨ ਲਈ ਕੁਰਬਾਨੀਆਂ ਕਰਨ ਲੱਗ ਪਈ, ਤਿਉਂ ਤਿਉਂ ਪਰਚਾਰ-ਲਗਨ ਵਾਲੇ ਬੰਦਿਆਂ ਦੇ ਦਿਲ ਵਿਚ ਇਹ ਹੁਲਾਰੇ ਆਉਣੇ ਸ਼ੁਰੂ ਹੋਏ ਕਿ ਜਦੋਂ ਸਾਰੇ ਗੁਰਦੁਆਰੇ ਇਕ ਸਾਂਝੇ ਪਰਬੰਧ ਹੇਠ ਆ ਜਾਣਗੇ, ਤਾਂ ਇਸ ਵੇਲੇ ਜੋ ਪਰਚਾਰ ਦਾ ਘਾਟਾ ਹੈ ਉਹ ਬੜੀ ਆਸਾਨੀ ਨਾਲ ਪੂਰਾ ਹੋ ਜਾਏਗਾ। ਧਰਮ-ਪਰਚਾਰ ਦੇ ਘਾਟੇ ਵਲ ਵੇਖ ਵੇਖ ਕੇ ਅਸੀਂ ਖ਼ਿਆਲ ਕਰਦੇ ਸਾਂ ਕਿ ਇਸ ਘਾਟੇ ਦਾ ਕਾਰਨ ਉੱਦਮ ਦੀ ਕਮੀ ਸੀ। ਅਸੀਂ ਸਮਝਦੇ ਸਾਂ ਕਿ ਮਾਇਆ ਦੀ ਕਮੀ ਕਰਕੇ ਸਾਡੇ ਪਰਚਾਰਕ ਗਿਣਤੀ ਵਿਚ ਘੱਟ ਹਨ ਤੇ ਸ਼ਾਇਦ ਵਿੱਦਿਆ ਵਿਚ ਭੀ ਤਕੜੇ ਸਿਆਣੇ ਨਹੀਂ ਹਨ। ਸੋ, ਅਸੀਂ ਆਸ ਲਾਈ ਬੈਠੇ ਸਾਂ ਕਿ ਗੁਰਦੁਆਰੇ ਪੰਥ ਦੇ ਹੱਥ ਵਿਚ ਆ ਜਾਣ ਤੇ ਮਾਇਆ ਦੀ ਕਮੀ ਨਹੀਂ ਰਹਿ ਜਾਏਗੀ ਅਤੇ ਪਰਚਾਰ ਦੇ ਰਾਹ ਵਿਚ-ਦੀਆਂ ਸਭ ਰੁਕਾਵਟਾਂ ਦੂਰ ਹੋ ਜਾਣਗੀਆਂ।

ਹੋ ਸਕਦਾ ਹੈ ਕਿ ਪਰਚਾਰ ਦੇ ਘਾਟੇ ਦਾ ਇਹ ਥੋੜਾ-ਬਹੁਤ ਕਾਰਨ ਜ਼ਰੂਰ ਹੋਵੇ, ਪਰ ਇਹ ਖ਼ਿਆਲ ਕਰਨਾ ਕਿ ਨਿਰੋਲ ਇਹੀ ਨੁਕਸ ਸਨ, ਭੁਲੇਖਾ ਹੈ। ਕਿਸੇ ਭੀ ਧਰਮ ਵਿਚ ਸਭ ਤੋਂ ਜ਼ਰੂਰੀ ਤੇ ਪਵਿੱਤਰ ਚੀਜ਼ ਉਸ ਦੇ ਸ਼ਰਧਾਲੂ ਬੰਦੇ ਹਨ, ਜਿਨ੍ਹਾਂ ਦੇ ਜੀਵਨ ਪਵਿੱਤਰ ਹੋਣ। ਜਿਸ ਧਰਮ ਦੇ ਅਵਲੰਬੀਆਂ ਵਿਚ ਉੱਚੇ ਜੀਵਨ ਵਾਲੇ ਮਨੁੱਖ ਨਾ ਹੋਣ, ਉਹ ਧਰਮ ਮੁਰਦਾ ਜਿਹਾ ਹੋ ਜਾਂਦਾ ਹੈ, ਭਾਵੇਂ ਉਸ ਦੇ ਅਸੂਲ ਕਿਤਨੇ ਹੀ ਉੱਚੇ ਤੇ ਸੁੱਚੇ ਕਿਉਂ ਨ ਹੋਣ। ਕਿਸੇ ਭੀ ਧਰਮ ਦਾ ਪਰਚਾਰ ਕਰਨ ਲਈ ਮਨੁੱਖ ਦਾ ਨਿਰੋਲ ਆਪਣੀ ਅਕਲ ਦੇ ਆਸਰੇ ਕੀਤਾ ਹੋਇਆ ਉੱਦਮ ਕਦੇ ਪੂਰੇ ਤੌਰ ਤੇ ਸਫਲ ਨਹੀਂ ਹੋ ਸਕਦਾ।

ਧਰਮ ਦੇ ਪਰਚਾਰ ਦਾ ਉੱਚੇ ਤੋਂ ਉੱਚਾ ਨਿਸ਼ਾਨਾ ਇਹ ਹੁੰਦਾ ਹੈ ਕਿ ਬੰਦਿਆਂ ਨੂੰ ਪਰਮਾਤਮਾ ਦੀ ਰਜ਼ਾ (ਹੁਕਮ) ਵਿਚ ਜੋੜਿਆ ਜਾਏ। ਸਾਡਾ ਕੋਈ ਭੀ ਉੱਦਮ, ਜੋ ਆਪ ਹੀ ਰਜ਼ਾ ਦੇ ਅਧੀਨ ਨਹੀਂ ਹੈ, ਰਜ਼ਾ ਨੂੰ ਹੁਲਾਰੇ ਵਿਚ ਨਹੀਂ ਲਿਆ ਸਕਦਾ। ਜਦ ਤਕ ਧਰਮ ਦੇ ਪਰਚਾਰਕ ਦੀ ਆਪਣੀ ਜ਼ਿੰਦਗੀ ਪੂਰਨ ਰਜ਼ਾ ਵਿਚ ਨਹੀਂ ਹੈ, ਜਦ ਤਕ ਪਰਚਾਰਕ ਦਾ ਹਰੇਕ ਬਚਨ, ਹਰੇਕ ਕਰਮ ਰਜ਼ਾ ਵਿਚ ਨਹੀਂ ਹੈ, ਜਦ ਤਕ ਪਰਚਾਰਕ ਨੂੰ ਆਪ ਰਜ਼ਾ ਦੀ ਸਮਝ ਨਹੀਂ ਆਈ, ਰਜ਼ਾ ਨਾਲ ਪਿਆਪ ਨਹੀਂ ਬਣਿਆ, ਰਜ਼ਾ ਅੱਗੇ ਖਿੜੇ-ਮੱਥੇ ਝੁਕਣ ਦੀ ਆਦਤ ਨਹੀਂ ਬਣੀ, ਤਦ ਤਕ ਧਰਮ-ਪਰਚਾਰ ਬਾਰੇ ਉਸ ਦਾ ਕੋਈ ਭੀ ਉੱਦਮ ਰਜ਼ਾ ਵਿਚ ਨਹੀਂ ਹੈ। ਅਜਿਹੀ ਹਾਲਤ ਵਿਚ ਭਾਵੇਂ ਕਿਤਨੀ ਹੀ ਮਾਇਆ ਤੇ ਵਿੱਦਿਆ ਇਸ ਪਰਚਾਰ ਵਿਚ ਵਰਤੀ ਜਾਏ, ਪੂਰੀ ਸਫਲਤਾ ਦੀ ਆਸ ਨਹੀਂ ਹੋ ਸਕਦੀ।

ਦੁਨੀਆ ਦੇ ਮਜ਼ਹਬ ਆਪੋ ਆਪਣੇ ਅਸਰ ਰਸੂਖ਼ ਵਧਾਣ ਲਈ ਨਿੱਤ ਨਵੇਂ ਤੋਂ ਨਵੇਂ ਚੰਗੇ ਤਰੀਕੇ ਢੂੰਡਦੇ ਹਨ, ਪਰ ਪਰਮਾਤਮਾ ਆਪਣੇ ਧਰਮ ਨੂੰ ਵਧਾਣ ਲਈ ਚੰਗੇ ਮਨੁੱਖ ਢੂੰਡਦਾ ਹੈ। ਜਗਤ ਵਿਚ ਜਦੋਂ ਕਦੇ ਭੀ ਕੋਈ ਕਰਤਾਰ ਦਾ ਸਨੇਹਾ ਲੈ ਕੇ ਆਇਆ ਹੈ, ਉੱਚੇ ਤੇ ਸੁੱਚੇ ਜੀਵਨ ਵਾਲਾ ਹੀ ਆਇਆ ਹੈ। ਪਰਮਾਤਮਾ ਨੂੰ ਆਪਣੇ ਧਰਮ ਦੇ ਪਰਚਾਰਨ ਲਈ ਪੂਰਨ ਪੁਰਖਾਂ ਦੀ ਲੋੜ ਹੈ।

**ਪਰਮਾਤਮਾ ਦੀ ਨਾਮ-ਸ਼ਕਤੀ, ਮਾਨੋ,**



www.AKJ.Org

**ਪਵਿੱਤਰ ਅੰਮ੍ਰਿਤ ਹੈ, ਜਿਸ ਦਾ ਪਰਵਾਹ ਚਾਲਾਂ ਤੇ ਤਰੀਕਿਆਂ ਵਿਚੋਂ-ਦੀ ਨਹੀਂ ਵਗ ਸਕਦਾ, ਮਨੁੱਖਾਂ ਦੀ ਲੋੜ ਪੈਂਦੀ ਹੈ।**

ਮਾਤਾ ਆਪਣੇ ਪੁੱਤਰ ਨੂੰ ਆਪਣੇ ਥਣਾਂ ਦਾ ਜੋ ਦੁੱਧ ਪਿਆਲਦੀ ਹੈ, ਉਸ ਦੀ ਰਾਹੀਂ ਆਪਣੇ ਸਾਰੇ ਚੰਗੇ ਜਾ ਮੰਦੇ ਜੀਵਨ ਦੀ ਰੰਗਣ ਬੱਚੇ ਨੂੰ ਚਾੜ੍ਹ ਦੇਂਦੀ ਹੈ। ਦੁੱਧ ਇਕ ਪਵਿੱਤਰ ਚੀਜ਼ ਹੈ, ਪਰ ਜਿਸ ਦੀ ਰਾਹੀਂ ਦੁੱਧ ਆਇਆ ਹੈ, ਉਸ ਦੇ ਆਪਣੇ ਜੀਵਨ ਦਾ ਭੀ ਰੰਗ ਚੜ੍ਹ ਗਿਆ ਹੈ। ਸਤਿਗੁਰੂ ਦੀ ਬਾਣੀ ਦਾ ਉਪਦੇਸ਼ ਅੰਮ੍ਰਿਤ ਹੈ, ਪਰ ਜਿਸ ਪਰਚਾਰਕ ਦੀ ਰਾਹੀਂ ਆਉਂਦਾ ਹੈ ਉਸ ਦੇ ਆਪਣੇ ਜੀਵਨ ਦੀ ਰੰਗਣ ਵਿਚ ਆਉਂਦਾ ਹੈ। ਸ਼ੁੱਧ ਤੇ ਪਵਿੱਤਰ ਅੰਮ੍ਰਿਤ ਮਿੱਟੀ ਦੇ ਭਾਂਡੇ ਵਿਚ ਪਿਆ ਹੋਵੇ, ਤਾਂ ਹੋ ਸਕਦਾ ਹੈ ਕਿ ਉਸ ਦੇ ਸੁਆਦ ਵਿਚ ਭਾਂਡੇ ਦਾ ਸੁਆਦ ਮਿਲ ਜਾਏ ਤੇ ਰੰਗ ਭੀ ਵਿਗੜ ਜਾਏ। ਸਤਿਗੁਰੂ ਦਾ ਸਨੇਹਾ ਜੀਵਨ-ਦਾਤਾ ਹੈ। ਪਰ ਸਨੇਹਾ ਅਪੜਾਣ ਵਾਲਾ ਭੀ ਘਟ ਜ਼ਰੂਰੀ ਨਹੀਂ ਹੈ।

ਜੀਵਨ ਦੀ ਦਾਤ ਬਖ਼ਸ਼ਣ ਵਿਚ, ਮਾਇਆ ਦੇ ਪਿਆਰ ਵਿਚ ਸੁੱਤੇ ਹੋਇਆਂ ਨੂੰ ਹਲੂਣਾ ਦੇਣ ਵਿਚ, ਧਰਮ ਦਾ ਪਰਚਾਰ ਉਸ ਦੇ ਪਰਚਾਰਕ ਨਾਲੋਂ ਵਧੀਕ ਬਲਵਾਨ ਨਹੀਂ ਹੋ ਸਕਦਾ। ਜੇ ਪਰਚਾਰਕ ਦਾ ਆਪਣਾ ਹਿਰਦਾ ਮਾਇਆ ਦੇ ਮੋਹ ਵਿਚ ਮੁਰਦਾ ਹੋ ਚੁਕਾ ਹੈ, ਤਾਂ ਉਸ ਦੇ ਪਰਚਾਰ ਵਿਚੋਂ ਭੀ ਮੁਰਦਿਹਾਣ ਆਵੇਗੀ। ਉਹ ਪਰਚਾਰ ਸੁਣਨ ਵਾਲਿਆਂ ਨੂੰ ਸੁਰਜੀਤ ਕਰਨ ਦੇ ਥਾਂ ਸਗੋਂ ਮੁਰਦਾ ਕਰੇਗਾ। ਗੁਰੂ ਪਾਤਿਸ਼ਾਹ ਦੀ ਬਾਣੀ-ਰੂਪ ਸੁਅੱਛ ਜਲ ਤਾਂ ਉਹੀ ਹੈ ਜੋ ਧੁਰੋਂ ਪਵਿੱਤਰ ਸੋਮੇ ਵਿਚੋਂ ਆਇਆ ਹੈ, ਪਰ ਇਹ ਜਲ ਜਿਸ ਤਰ੍ਹਾਂ ਦੀ ਜ਼ਮੀਨ ਵਿਚੋਂ ਦੀ ਲੰਘਦਾ ਹੈ, ਉਸੇ ਤਰ੍ਹਾਂ ਦਾ ਇਸ ਦਾ ਸੁਆਦ ਤੇ ਰੰਗ ਬਣ ਜਾਂਦਾ ਹੈ। ਇਸ ਅਕਾਲੀ ਬਾਣੀ ਦੇ ਪਰਚਾਰਕ, ਗੁਰਦੁਆਰਿਆਂ ਦੇ ਮਹੰਤ ਤੇ ਸੇਵਾਦਾਰ ਜਦ ਤਕ ਸੁਅੱਛ ਤੇ ਪਵਿੱਤਰ ਹਿਰਦੇ ਵਾਲੇ ਰਹਿੰਦੇ ਹਨ, ਤਦ ਤਕ ਇਹਨਾਂ ਦੀ ਰਾਹੀਂ ਬਾਣੀ ਦੀ ਸੁਗੰਧੀ ਖਿੱਲਰਦੀ ਰਹਿੰਦੀ ਹੈ, ਪਰ ਜਿਹੜੇ ਹਿਰਦੇ-ਰੂਪ ਭਾਂਡੇ ਗੰਦੇ ਹੋ ਜਾਂਦੇ ਹਨ, ਉਹਨਾਂ ਦੀ ਰਾਹੀਂ ਮੁਰਦਿਹਾਣ ਖਿੱਲਰਦੀ ਹੈ।

ਪਰਚਾਰਕ ਉਹ ਨਹੀਂ ਹਨ, ਜੋ ਸੁੰਦਰ ਵਖਿਆਨ ਬਣਾ ਕੇ ਦੇਣੇ ਜਾਣਦੇ ਹੋਣ। ਪਰਚਾਰਕ ਉਹ ਹਨ ਜੋ ਮਨੁੱਖ ਬਣਾਣੇ ਜਾਣਦੇ ਹਨ, ਜੋ ਸੰਤ ਬਣਾਣੇ ਜਾਣਦੇ ਹਨ। ਪਰ ਇਸ ਕਠਨ ਕੰਮ ਦੀ ਸਾਰ ਉਹ ਕੀ ਜਾਣੇ, ਜੋ ਅਜੇ ਤਾਈਂ ਆਪ ਭੀ ਮਨੁੱਖ ਨਹੀਂ ਬਣਿਆ, ਜਿਸ ਨੇ ਅਜੇ ਤਕ ਆਪਣੇ ਆਪ ਨੂੰ ਹੀ ਸ਼ਾਂਤ ਨਹੀਂ ਕੀਤਾ ?

ਕਬੀਰ ਅਵਰਹ ਕਉ ਉਪਦੇਸਤੇ, ਮੁਖ ਮੈ
ਪਰਿ ਹੈ ਰੇਤੁ। ਰਾਸਿ ਬਿਰਾਨੀ ਰਾਖਤੇ, ਖਾਯਾ
ਘਰ ਕਾ ਖੇਤੁ।੯੮।

ਪਰਚਾਰਕ ਦਰਦ-ਭਰੀਆਂ ਸਾਖੀਆਂ ਸੁਣਾ ਕੇ ਬੇਸ਼ੱਕ ਰੋ ਪਏ ਤੇ ਰੁਆ ਦੇਵੇ, ਪਰ ਨਿਰਾ ਰੋਣ ਪ੍ਰਭੂ ਦੀ ਰਜ਼ਾ ਨੂੰ ਹੁਲਾਰਾ ਨਹੀਂ ਦੇ ਸਕਦਾ। ਗਰਮੀ ਦੀ ਰੁੱਤੇ ਗਲਾਸ ਵਿਚ ਬਰਫ਼ ਪਾ ਦੇਈਏ, ਤਾਂ ਹਵਾ ਦਾ ਝੋਂਕਾ ਆਉਣ ਤੇ ਗਲਾਸ ਦੇ ਬਾਹਰਲੇ ਪਾਸੇ ਤ੍ਰੇਲ ਦੇ ਕਿਣਕੇ ਬਣ ਜਾਂਦੇ ਹਨ। ਪਰ ਇਹ ਕਿਣਕੇ ਬਾਹਰਲੀ ਹਵਾ ਦੇ ਹਨ, ਗਲਾਸ ਦੇ ਅੰਦਰੋਂ ਨਹੀਂ ਆਏ। ਇਸੇ ਤਰ੍ਹਾਂ ਉਹ ਦਰਦ-ਭਰੀਆਂ ਸਾਖੀਆਂ ਸੁਣ-ਸੁਣਾ ਕੇ ਉਹ ਰੋਣ ਭੀ ਓਪਰਾ ਹੀ ਹੋ ਸਕਦਾ ਹੈ।

ਆਤਮਕ ਜੀਵਨ ਤੋਂ ਬਿਨਾ ਪਰਚਾਰਕ ਵਿਚ ਵਲਵਲੇ ਹੋ ਸਕਦੇ ਹਨ, ਪਰ ਨਾਟਕ ਦੇ ਨਟ ਵਿਚ ਭੀ ਵਲਵਲੇ ਹੁੰਦੇ ਹਨ ਫਿਰ ਭੀ ਉਹ ਨਿਰਾ ਸੁਆਂਗ ਹੀ ਹੁੰਦਾ ਹੈ। ਪਰਚਾਰਕ ਵਿਚ ਪੂਰੀ ਤਨ-ਦੇਹੀ ਹੋ ਸਕਦੀ ਹੈ, ਪਰ ਵਕੀਲ ਆਪਣੇ ਮੁਅੱਕਲ ਦੇ ਮੁਕੱਦਮੇ ਦੀ ਪੈਰਵੀ ਪੂਰੀ ਤਨ-ਦੇਹੀ ਨਾਲ ਕਰਦਾ ਹੈ, ਫਿਰ ਭੀ ਉਸ ਨੂੰ ਮੁਅੱਕਲ ਵਾਲਾ ਸੇਕ ਜਾਂ ਦਰਦ ਨਹੀਂ ਹੋ ਸਕਦਾ। ਕਈ ਵਾਰੀ ਪਰਚਾਰਕ ਦੇ ਜੋਸ਼-ਭਰੇ ਵਖਿਆਨ ਨਾਲ ਉਸ ਦੀਆਂ ਆਪਣੀਆਂ ਅੱਖਾਂ ਭੀ ਚਮਕ ਉੱਠਦੀਆਂ ਹਨ, ਪਰ ਇਹ ਚਮਕ ਉਸ ਤਰ੍ਹਾਂ ਦੀ ਹੈ, ਜਿਵੇਂ ਕਿਸੇ ਪੈਲੀ ਵਿਚ ਬੀਜੇ ਹੋਏ ਲਾਲਾਂ ਦੀ। ਨਾ ਉਹਨਾਂ ਵਿਚ ਸੇਕ ਤੇ ਨਿੱਘ ਅਤੇ ਨਾ ਤ੍ਰਿਪਤ ਕਰਨ ਵਾਲਾ ਗੁਣ।



www.AKJ.Org

ਸ੍ਰੋਤਿਆਂ ਨੂੰ ਨਿੱਘ ਤੇ ਤ੍ਰਿਪਤੀ ਨਾ ਅੱਪੜਨ ਦੀ ਵੱਡੀ ਰੁਕਾਵਟ ਪਰਚਾਰਕ ਆਪ ਹੈ, ਕਿਉਂ ਕਿ ਉਹ ਨਿੱਘ ਅਤੇ ਤ੍ਰਿਪਤੀ ਉਸ ਦੇ ਆਪਣੇ ਅੰਦਰ ਨਹੀਂ ਹੈ। ਪਰਮਾਤਮਾ ਦਾ ਨਾਮ-ਰਸ, ਮਾਨੋ, ਬਿਜਲੀ ਦੀ ਤਾਕਤ ਹੈ। ਪਰਮਾਤਮਾ ਆਪ ਬਿਜਲੀ-ਘਰ ਹੈ, ਉਸ 'ਰਸ' ਦਾ ਸੋਮਾ ਹੈ। ਪਰਚਾਰਕ ਦਾ ਹਿਰਦਾ ਉਸ ਨਾਮ-ਰਸ ਦੀ ਬਿਜਲੀ ਨੂੰ ਸ੍ਰੋਤਿਆਂ ਤਕ ਅਪੜਾਣ ਲਈ ਤਾਰਾਂ ਦਾ ਕੰਮ ਦੇਂਦਾ ਹੈ। ਪਰ ਜੇ ਇਹ ਹਿਰਦਾ ਮਾਇਆ ਦੀ ਛੁਹ ਨਾਲ ਸਿੱਲਾ ਹੋਇਆ ਪਿਆ ਹੈ, ਤਾਂ ਇਹ ਬਿਜਲੀ ਦੀ ਤਾਕਤ ਨੂੰ ਅਗਾਂਹ ਨਹੀਂ ਅਪੜਾ ਸਕਦਾ।

ਜੋ ਮਨੁੱਖ ਦੋ ਚਾਰ ਅੱਖਰ ਪੜ੍ਹ ਜਾਂਦਾ ਹੈ, ਇਕ ਦੋ ਬਾਣੀਆਂ ਕੰਠ ਕਰ ਲੈਂਦਾ ਹੈ, ਤੇ ਦੀਵਾਨਾਂ ਵਿਚ ਜਾ ਕੇ ਕੁਝ ਵਖਿਆਨ ਸੁਣਾ ਆਉਂਦਾ ਹੈ, ਉਸ ਨੂੰ ਇਹ ਚਾਉ ਉਪਜਦਾ ਹੈ ਕਿ ਮੈਂ ਹੁਣ ਆਪਣੇ ਧਰਮ ਦਾ ਪਰਚਾਰ ਕਰਾਂ, ਤੇ ਲੋਕਾਂ ਦੀ ਰੁਚੀ ਆਪਣੇ ਧਰਮ ਵਲ ਪੈਦਾ ਕਰਾਂ। ਇਸ ਲੋਰ ਵਿਚ ਉਸ ਨੂੰ ਇਹ ਭੁੱਲ ਜਾਂਦਾ ਹੈ ਕਿ ਪਹਿਲਾਂ ਮੈਂ ਆਪ ਰੱਬ ਦਾ ਬੰਦਾ ਬਣਾਂ, ਤਦੋਂ ਹੀ ਲੋਕ ਮੇਰੇ ਕਹੇ ਇਸ ਰਾਹੇ ਤੁਰਨਗੇ। ਸਿੱਟਾ ਇਹ ਨਿਕਲਦਾ ਹੈ ਕਿ ਆਪਣੇ ਹਿਰਦੇ-ਭਾਂਡੇ ਨੂੰ ਪਰਮਾਤਮਾ ਦੇ ਚੱਕ ਵਿਚ ਘੜਾਣ ਤੋਂ ਬਿਨਾਂ ਉਸ ਦਾ ਪੁਰਾਣਾ ਸੁਭਾਉ ਉਸ ਦੇ ਨਾਲ ਹੀ ਰਹਿੰਦਾ ਹੈ। ਉਹ ਰਾਹੇ ਪਾਣ ਦੇ ਥਾਂ ਦੁਖਾਵੇਂ ਬਚਨ ਬੋਲ ਬੋਲ ਕੇ ਲੋਕਾਂ ਨੂੰ ਸਗੋਂ ਹੋਰ ਵਿੱਥ ਤੇ ਸੁੱਟ ਦੇਂਦਾ ਹੈ। ਸਾਹਿਬ ਫੁਰਮਾਂਦੇ ਹਨ :—

ਆਪਨਾ ਆਪੁ ਨ ਪਛਾਣੈ ਮੂੜਾ, ਅਵਰਾ
ਆਖਿ ਦੁਖਾਏ । ਮੁਢੈ ਦੀ ਖਸਲਤਿ ਨ
ਗਈਆ ਮੂੜੇ ਵਿਛੁੜਿ ਚੋਟਾ ਖਾਏ ।
[ਬਿਹਾਗੜਾ ਮ: ੩

ਪਰਚਾਰਕ ਦੇ ਪਰਚਾਰ ਦਾ ਅਸਲ ਮਨੋਰਥ ਇਹ ਹੈ ਕਿ ਉਹ ਪਰਮਾਤਮਾ ਨਾਲੋਂ ਟੁੱਟਿਆਂ ਨੂੰ ਪਰਤ ਕੇ ਜੋੜੇ। ਇਹ ਕੰਮ ਉਹ ਤਦੋਂ ਹੀ ਕਰ ਸਕਦਾ ਹੈ, ਜੇ ਇਕ ਪਾਸੇ ਟੁੱਟਿਆਂ ਨਾਲ ਉਸ ਦੀ ਹਮਦਰਦੀ ਹੋਵੇ, ਤੇ ਦੂਜੇ ਪਾਸੇ, ਜਿੱਥੇ ਜੋੜਨਾ ਹੈ ਉਥੇ ਆਪ ਭੀ ਜੁੜਿਆ ਹੋਵੇ। ਇਹ ਸੁਭਾਉ ਤਦੋਂ ਹੀ ਕਾਇਮ ਰਹਿ ਸਕਦਾ ਹੈ ਜੇ ਉਹ ਹਰ ਵੇਲੇ ਸੁਚੇਤ ਰਹਿ ਕੇ ਆਪ ਨਾਮ ਜਪਦਾ ਰਹੇ। ਨਹੀਂ ਤਾਂ ਉਸ ਦਾ ਆਪਣਾ 'ਆਪਾ' ਪਰਚਾਰ ਦੇ ਉਹਲੇ ਹੋ ਜਾਇਗਾ, ਤੇ ਟੁੱਟਿਆਂ ਨੂੰ ਵੇਖ ਕੇ ਸਹਿਜੇ ਸਹਿਜੇ ਉਸ ਦੇ ਮਨ ਵਿਚ ਅਹੰਕਾਰ ਪੈਦਾ ਹੁੰਦਾ ਜਾਇਗਾ।

'ਹਉਮੈ ਨਾਵੈ ਨਾਲਿ ਵਿਰੋਧੁ ਹੈ,
ਦੁਇ ਨ ਵਸਹਿ ਇਕ ਠਾਇ'।

ਫਿਰ ਤਾਂ ਆਪ ਹੀ ਡਿੱਗ ਪਏਗਾ, ਹੋਰਨਾਂ ਨੂੰ ਕਿਵੇਂ ਜੋੜ ਸਕਦਾ ਹੈ ?

ਲੋਕਾਂ ਅੱਗੇ ਰੱਬ ਦੀਆਂ ਗੱਲਾਂ ਕਰਨੀਆਂ, ਪਿਤਾ-ਪ੍ਰਭੂ ਦੀ ਝੋਲੀ ਵਿਚੋਂ ਡਿੱਗਿਆਂ ਨੂੰ ਮੁੜ ਝੋਲੀ ਵਿਚ ਅੱਪੜਨ ਲਈ ਪ੍ਰੇਰਨਾ—ਇਹ ਇਕ ਉੱਤਮ ਤੇ ਤਕੜਾ ਕੰਮ ਹੈ। ਪਰ ਪਿਤਾ-ਪ੍ਰਭੂ ਨੂੰ ਪ੍ਰੇਰਨਾ ਕਿ ਡਿੱਗੇ ਪੁੱਤਰਾਂ ਨੂੰ ਝੋਲੀ ਵਿਚ ਪਾ ਲੈ—ਇਹ ਕੰਮ ਉਸ ਤੋਂ ਭੀ ਵੱਡਾ ਤੇ ਉੱਤਮ ਹੈ। ਇਹ ਆਖਣ ਵਿਚ ਵਧੀਕ ਸੁਆਦ ਹੈ ਕਿ—

ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ
ਧਾਰਿ ॥ ਜਿਤੁ ਦੁਆਰੈ ਉਬਰੈ, ਤਿਤੈ ਲੇਹੁ
ਉਬਾਰਿ ॥ [ਮ: ੩

ਪਿੱਛੇ ਅਸੀਂ ਲਿਖ ਆਏ ਹਾਂ ਕਿ ਪਰਚਾਰਕ ਨੂੰ ਸੁਅੱਛ ਪਰਵਾਹ ਲਈ ਪਵਿਤਰ ਹਿਰਦੇ ਦੀ ਲੋੜ ਹੈ। ਪ੍ਰਭੂ ਦਾ ਸਿਮਰਨ ਪ੍ਰਭੂ ਦੇ ਚਰਨਾਂ ਵਿਚ ਜੁੜਨਾ, ਪ੍ਰਭੂ ਦੀ ਹਜ਼ੂਰੀ ਵਿਚ ਅਰਜ਼ੋਈ ਕਰਦੇ ਰਹਿਣਾ—ਇਹੀ ਇਕ ਤਰੀਕਾ ਹੈ ਜਿਸ ਨਾਲ ਮਨੁੱਖ ਆਪਣੇ ਹਿਰਦੇ ਨੂੰ ਪਵਿੱਤਰ ਕਰ ਸਕਦਾ ਹੈ। ਪਰਚਾਰਕ ਪਹਿਲਾਂ ਪਰਮਾਤਮਾ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦੀ ਜਾਚ ਸਿੱਖੇ, ਬਾਣੀ ਵਿਚ ਜੁੜਿਆ ਕਰੇ, ਤੇ ਜੁੜ ਕੇ ਪਰਮਾਤਮਾ ਦੇ ਚਰਨਾਂ ਵਿਚ ਲੀਨ ਰਿਹਾ ਕਰੇ, ਤਦੋਂ ਹੀ ਉਸ ਦੇ ਹਿਰਦੇ ਵਿਚ 'ਨਾਮ' ਦਾ ਸੁਅੱਛ ਪਰਵਾਹ ਚੱਲੇਗਾ, ਜੋ ਹੋਰਨਾਂ ਨੂੰ ਭੀ ਪਵਿੱਤਰ ਕਰ ਸਕੇਗਾ।

ਸੁੱਚਾ ਵਖਿਆਨ ਉਹ ਹੈ ਜੋ ਪਹਿਲਾਂ ਪਰਚਾਰਕ ਦੇ ਆਪਣੇ ਹਿਰਦੇ ਨੂੰ ਸਾਫ਼ ਕਰੇ। ਪਰਚਾਰਕ ਪਹਿਲਾਂ



www.AKJ.Org

ਸਤਿਗੁਰੂ ਦੇ ਦੱਸੇ ਹੋਏ ਇਕਾਂਤ ਸਤਸੰਗ ਵਿਚ ਗੁਰੂ ਦੀ ਸਿੱਖਿਆ ਅਨੁਸਾਰ ਇਉਂ ਆਪਣੇ ਪਰਚਾਰ ਨੂੰ ਤਿਆਰ ਕਰੇ—

ਜਤੁ ਪਾਹਾਰਾ, ਧੀਰਜੁ ਸੁਨਿਆਰੁ ॥ ਅਹਿਰਣਿ
ਮਤਿ, ਵੇਦੁ ਹਥੀਆਰੁ ॥ ਭਉ ਖਲਾ, ਅਗਨਿ
ਤਪਤਾਉ ॥ ਭਾਂਡਾ ਭਾਉ, ਅੰਮ੍ਰਿਤੁ ਤਿਤੁ
ਢਾਲਿ ॥ ਘੜੀਐ ਸਬਦੁ ਸਚੀ ਟਕਸਾਲਿ ॥
ਜਿਨ ਕਉ ਨਦਰਿ ਕਰਮੁ, ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ [ਜਪੁ

ਪਰਚਾਰਕ ਦੀ ਪਾਠਸ਼ਾਲਾ ਪਰਮਾਤਮਾ ਦੀ ਹਜ਼ੂਰੀ ਤੇ ਪਰਮਾਤਮਾ ਦੀ ਯਾਦ ਹੋਣੀ ਚਾਹੀਦੀ ਹੈ। ਪ੍ਰਭੂ ਦੀ ਯਾਦ ਉਸ ਵਾਸਤੇ ਪੌੜੀ ਦਾ ਕੰਮ ਦੇਂਦੀ ਹੈ। ਸਿਮਰਨ ਦੀ ਰਾਹੀਂ ਪਰਚਾਰਕ ਦੇ ਖ਼ਿਆਲ ਤੇ ਉਸ ਦਾ ਉਪਦੇਸ਼ ਮਨੁੱਖਾਂ ਵਲ ਪਰਤਣ ਤੋਂ ਪਹਿਲਾਂ ਪਰਮਾਤਮਾ ਵਲ ਪਰਤਦੇ ਹਨ। ਇਸ ਤਰ੍ਹਾਂ ਉਸ ਦੇ ਪਰਚਾਰ ਦਾ ਹਰੇਕ ਹਿੱਸਾ ਮਨੁੱਖਾਂ ਤਕ ਅੱਪੜਨ ਤੋਂ ਪਹਿਲਾਂ ਪਰਮਾਤਮਾ ਦੇ ਦਰ ਦੀ ਅੰਮ੍ਰਿਤ-ਵਰਖਾ ਨਾਲ ਭਿੱਜ ਜਾਂਦਾ ਹੈ ਤੇ 'ਨਾਮ' ਨਾਲ ਸੁਗੰਧਿਤ ਹੋ ਜਾਂਦਾ ਹੈ।

ਇੰਜਣ ਦੀ ਭਾਵੇਂ ਸਾਰੀ ਮਸ਼ੀਨਰੀ ਤਿਆਰ ਹੁੰਦੀ ਹੈ, ਪਰ ਜਦ ਤਕ ਉਸ ਵਿਚ ਅੱਗ ਨਾ ਭਖਾਈ ਜਾਏ ਉਹ ਚੱਲ ਨਹੀਂ ਸਕਦਾ। ਪਰਚਾਰ ਦੀ ਮਸ਼ੀਨਰੀ (ਭਾਵ, ਪਰਚਾਰਕ) ਭੀ ਭਾਵੇਂ ਵਿੱਦਿਆ ਆਦਿਕ ਨਾਲ ਮੁਕੰਮਲ ਹੋਵੇ, ਪਰ ਜੇ ਆਤਮਕ ਉੱਨਤੀ ਵਾਲੇ ਪਰਚਾਰ ਦੀ ਲੋੜ ਹੈ, ਤਾਂ ਜਦ ਤਕ ਪਰਚਾਰਕ ਦੇ ਹਿਰਦੇ ਵਿਚ ਪਰਮਾਤਮਾ ਦੇ ਭਜਨ ਨੇ ਭਾਪ ਪੈਦਾ ਨਹੀਂ ਕੀਤੀ, ਇਹ ਮਸ਼ੀਨਰੀ ਭੀ ਚੱਲ ਨਹੀਂ ਸਕੇਗੀ। ਇਹ ਅੱਤ ਜ਼ਰੂਰੀ ਹੈ ਕਿ ਭਜਨ ਦੇ ਨਾਲ ਪਰਚਾਰਕ ਪਹਿਲਾਂ ਪ੍ਰਭੂ-ਪਿਤਾ ਨੂੰ ਜੀਵਾਂ ਵਲ ਪ੍ਰੇਰੇ, ਤਾ ਕਿ ਜੀਵਾਂ ਨੂੰ ਆਪਣੇ ਪਰਚਾਰ ਨਾਲ ਪ੍ਰਭੂ-ਪਿਤਾ ਵਰ ਪ੍ਰੇਰ ਸਕੇ।

ਪਰਚਾਰਕ ਭੀ ਮਨੁੱਖ ਹਨ, ਮਨੁੱਖਾ ਸੁਭਾਵ ਵਾਲੇ ਹਨ, ਇਹ ਭੀ ਹੋਰ ਜੀਵਾਂ ਵਾਂਗ ਮਨ ਦੇ ਤਰੰਗਾਂ ਦੇ ਕਾਬੂ ਆ ਸਕਦੇ ਹਨ। ਪਰਮਾਤਮਾ ਦਾ ਭਜਨ ਮਨ ਦੇ ਤਰੰਗਾਂ ਤੇ ਵਿਕਾਰਾਂ ਨੂੰ ਰੋਕਣ ਦਾ ਸਾਧਨ ਹੈ। ਮਨ ਚਾਹੁੰਦਾ ਹੈ ਕਿ ਇਹਨਾਂ ਤਰੰਗਾਂ ਵਿਚ ਤਾਰੀਆਂ ਲੈਂਦਾ ਹੋਇਆ ਹੀ ਮੁਕਤ ਹੋ ਜਾਵਾਂ। ਪਰ ਭਜਨ ਇਸ ਦੇ ਤਰੰਗਾਂ ਨੂੰ, ਅਹੰਕਾਰ ਆਦਿਕ ਵਿਕਾਰਾਂ ਨੂੰ, ਦਬਾਂਦਾ ਹੈ। ਮਨ ਇਸ ਕਾਠੀ ਨੂੰ ਪਰਵਾਨ ਨਹੀਂ ਕਰਦਾ। ਤਦੋਂ ਪਰਚਾਰਕ ਭੀ ਜਗਤ ਦੇ ਹੋਰ ਲੋਕਾਂ ਵਾਂਗ ਜਾਂ ਤਾਂ ਉੱਕਾ ਹੀ ਪ੍ਰਭੂ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਉੱਦਮ ਛੱਡ ਦੇਂਦਾ ਹੈ, ਜਾਂ ਉਸ ਸੱਚੇ ਉੱਦਮ ਤੋਂ ਢਿੱਲਾ ਪੈ ਕੇ ਨਿੱਤ-ਨੇਮ ਨੂੰ ਛੇਤੀ ਛੇਤੀ ਪੜ੍ਹ ਕੇ ਮੁਕਾਣ ਦੀ ਕਰਦਾ ਹੈ। ਪਰ ਗੁਰਬਾਣੀ ਨੂੰ ਇਸ ਤਰ੍ਹਾਂ ਕਾਹਲੀ ਕਾਹਲੀ ਪੜ੍ਹ ਕੇ ਮੁਕਾਣ ਦਾ ਸੁਭਾਉ ਵਧੀਕ ਘਾਟੇ-ਵੰਦਾ ਹੁੰਦਾ ਜਾਂਦਾ ਹੈ। ਇਸ ਤਰ੍ਹਾਂ ਪਰਚਾਰਕ ਆਪਣੇ ਆਪ ਨੂੰ ਭੁਲੇਖ ਵਿਚ ਰੱਖਦਾ ਹੈ। ਉਹ ਸਮਝਦਾ ਹੈ ਕਿ ਮੈਂ ਆਪਣੀ ਜ਼ਿਮੇਵਾਰੀ ਨਿਬਾਹੀ ਜਾਂਦਾ ਹਾਂ। ਪਰ ਅਸਲ ਵਿਚ ਉਸ ਦਾ ਆਤਮਾ ਆਪਣੀ ਮੌਤ ਵਲ ਤੁਰਿਆ ਜਾ ਰਿਹਾ ਹੁੰਦਾ ਹੈ।

ਭਜਨ ਵਿਚ ਸਫਲਤਾ ਉਸੇ ਮਨੁੱਖ ਨੂੰ ਹਾਸਲ ਹੁੰਦੀ ਹੈ, ਜੋ ਆਪਣਾ ਬਹੁਤਾ ਸਮਾਂ ਇਸ ਵਿਚ ਖ਼ਰਚ ਕਰਦਾ ਹੈ। ਇਹੀ ਇਸ ਸਫਲਤਾ ਦਾ ਭੇਤ ਹੈ। ਪਰਮਾਤਮਾ ਨਾਲ ਕਾਹਲੀ ਵਿਚ ਯਾਰੀ ਨਹੀਂ ਪੈ ਸਕਦੀ। ਜੋ ਮਨੁੱਖ ਪ੍ਰਭੂ ਦੇ ਦਰ ਤੇ ਕਦੇ-ਕਦਾਈਂ ਫੇਰਾ ਮਾਰਦਾ ਹੈ, ਜਾਂ ਰੋਜ਼ ਆਉਂਦਾ ਹੋਇਆ ਭੀ ਸੰਸਾਰ ਦੇ ਹੋਰ ਧੰਧਿਆਂ ਦੀ ਕਾਹਲੀ ਵਿਚ ਰਹਿੰਦਾ ਹੈ, ਉਸ ਨੂੰ ਇਸ ਦਰ ਤੋਂ 'ਨਾਮ ਦਾ ਖ਼ੈਰ' ਮਿਲਣਾ ਔਖੀ ਗੱਲ ਹੈ। ਇੱਥੇ ਤਾਂ –

ਦਰਾਂ ਜ਼ਮਾਂ ਕਿ ਨਿਆਈ ਬ-ਯਾਦ ਮੀ ਮੀਰਮ ॥
ਬਗ਼ੈਰ ਯਾਦੇ ਤੋ, ਜ਼ੀਂ ਜ਼ੀਸਤਨ ਚਿਹ ਸੂਦ ਮਰਾ ॥

ਭਾਵ–ਜਿਸ ਵੇਲੇ ਤੂੰ ਮੇਰੇ ਚਿੱਤ ਵਿਚ ਨਾ ਹੋਵੇਂ, ਮੈਂ ਮਰਦਾ ਹਾਂ। ਤੇਰੀ ਯਾਦ ਤੋਂ ਬਿਨਾ ਜੀਉਣ ਦਾ ਮੈਨੂੰ ਕੋਈ ਲਾਭ ਨਹੀਂ।

ਪਰ ਇਸ ਦਾ ਇਹ ਭਾਵ ਨਹੀਂ ਕਿ ਭਜਨ ਦੀ ਕੀਮਤ, ਫੇਰੀ ਹੋਈ ਮਾਲਾ ਨਾਲ ਜਾਂ ਘੜੀ ਦੇ ਵਕਤ ਨਾਲ ਪੈਣੀ ਹੈ। ਨਹੀਂ, ਭਾਵ ਇਹ ਹੈ ਕਿ ਉਹ



www.AKJ.Org

ਪਿਆਰ ਅਜੇ ਕੱਚੇ ਹਨ ਜਿਨ੍ਹਾਂ ਨੇ ਸਾਨੂੰ ਅਜੇ ਇਹ ਆਦਤ ਨਹੀਂ ਸਿਖਾਈ ਕਿ ਅਸੀਂ ਆਪਣੇ ਪਿਆਰੇ ਪ੍ਰਭੂ ਨਾਲ ਬਹੁਤਾ ਸਮਾਂ ਗੁਜ਼ਾਰੀਏ। ਉਹ ਪਿਆਰ ਕਾਹਦਾ, ਜੇ 'ਪਿਆਰਾ' ਹਰ ਵੇਲੇ ਹਿਰਦੇ ਵਿਚ ਨਾ ਟਿਕਿਆ ਰਹੇ ?

ਜਿਸ ਪਰਚਾਰਕ ਨੂੰ ਪਰਮਾਤਮਾ ਦੇ ਪਿਆਰ ਦਾ ਆਪ ਨੂੰ ਸੁਆਦ ਨਹੀਂ ਆਇਆ, ਉਹ ਹੋਰ ਕਿਸੇ ਨੂੰ ਕੀ ਵਰਤਾਏਗਾ ? **ਪ੍ਰਭੂ ਦੇ ਪ੍ਰੇਮ ਦਾ ਰਸ ਲੈਣ ਵਾਲਾ ਮਨੁੱਖ ਜੇ ਸੰਸਾਰਕ ਪਦਾਰਥਾਂ ਦੇ ਰਸੀਏ ਮਨੁੱਖਾਂ ਨਾਲੋਂ ਭੀ ਪਿੱਛੋਂ ਸਵੇਰੇ ਉੱਠੇ ਤਾਂ ਉਸ ਨੂੰ ਉਸ ਰਸ ਦੀ ਪ੍ਰਾਪਤੀ ਦੀ ਕਿਵੇਂ ਆਸ ਹੋ ਸਕਦੀ ਹੈ ? ਜਿਸ ਨੂੰ ਨਾਮ-ਰਸ ਨਾਲੋਂ ਨੀਂਦ-ਰਸ ਵਧੀਕ ਪਿਆਰਾ ਹੈ, ਉਹ ਨਾਮ-ਰਸ ਨਹੀਂ ਲੈ ਸਕਦਾ।** ਪਰ ਪ੍ਰਭੂ ਦੀ ਫ਼ੌਜ ਦਾ ਕਪਤਾਨ ਬਣਨ ਲਈ ਨਿਰਾ ਇਹ ਕਾਫ਼ੀ ਨਹੀਂ ਕਿ ਜਿਵੇਂ ਹੋ ਸਕੇ ਜ਼ਰੂਰ ਸਵੇਰੇ ਅੰਮ੍ਰਿਤ-ਵੇਲੇ ਉੱਠ ਕੇ 'ਨਾਮ' ਜਪੇ, ਸਗੋਂ ਇਸ ਤੋਂ ਵਧੀਕ ਇਹ ਲੋੜ ਹੈ ਕਿ ਹਿਰਦੇ ਵਿਚ ਇਤਨੀ ਤੀਬਰ ਇੱਛਾ ਤੇ ਖਿੱਚ ਹੋਵੇ ਜੋ ਸਰੀਰ ਨੂੰ ਆਲਸ ਆਉਣ ਹੀ ਨਾ ਦੇਵੇ।

ਇਹ ਇਕ ਵੱਡਾ ਭੁਲੇਖਾ ਹੈ ਕਿ ਜੇ ਪਰਚਾਰਕ ਭਗਤੀ ਭਜਨ ਵਿਚ ਬਹੁਤਾ ਸਮਾ ਖ਼ਰਚ ਕਰੇਗਾ, ਤਾਂ ਉਹ ਪਰਚਾਰ ਦਾ ਕੰਮ ਬਹੁਤ ਘੱਟ ਕਰੇਗਾ। ਅਸਲ ਵਿਚ ਸੱਚੇ ਭਜਨੀਕ ਪਰਚਾਰਕ ਦੀ ਦਸ਼ਾ ਇਸ ਤੋਂ ਬਿਲਕੁਲ ਉਲਟ ਹੋਵੇਗੀ। ਭਗਤੀ ਦਾ ਭਾਵ ਇਹ ਹੈ ਕਿ ਭਗਤ ਜਨ ਪੂਜਯ ਪ੍ਰਭੂ ਦੇ ਰੂਪ ਵਿਚ ਲੀਨ ਹੋ ਜਾਏ, ਉਸ ਦੇ ਗੁਣਾਂ ਵਿਚ ਰੰਗਿਆ ਜਾਏ, ਉਸ ਦਾ ਸੁਭਾਉ ਗ੍ਰਹਿਣ ਕਰ ਲਏ। ਜਿਹੜਾ ਪਰਚਾਰਕ ਸਚ-ਮੁਚ ਪਰਮਾਤਮਾ ਦੇ ਸੁਭਾਵ ਨੂੰ ਗ੍ਰਹਿਣ ਕਰ ਚੁਕਿਆ ਹੈ ਉਸ ਵਿਚ ਆਲਸ ਕਿੱਥੋਂ ਆ ਸਕਦਾ ਹੈ ? ਉਹ ਤਾਂ ਸਗੋਂ ਉੱਦਮ-ਸਰੂਪ ਹੋ ਜਾਏਗਾ। ਸੋ, ਜਿਉਂ ਜਿਉਂ ਪਰਚਾਰਕ ਪਰਮਾਤਮਾ ਦੇ ਚਰਨਾਂ ਵਿਚ ਵਧੀਕ ਜੁੜੇਗਾ, ਤਿਉਂ ਤਿਉਂ ਉਹ ਰਜ਼ਾ ਵਿਚ ਤੁਰੇਗਾ, ਰਜ਼ਾ ਦੇ ਮਾਲਕ ਵਿਚ ਲੀਨ ਹੁੰਦਾ ਜਾਏਗਾ ਤੇ ਉਸ ਦੇ ਗੁਣ ਗ੍ਰਹਿਣ ਕਰੇਗਾ। ਜੇ ਇਹ ਨਹੀਂ, ਤਾਂ—

ਅੰਤਿ ਸੁੰਦਰ ਕੁਲੀਨ ਚਤੁਰ, ਮੁਖਿ ਗਿਆਨੀ
ਧਨਵੰਤ। ਮਿਰਤਕੁ ਕਹੀਐ ਨਾਨਕਾ ਜਿਹ
ਪ੍ਰੀਤਿ ਨਹੀ ਭਗਵੰਤ। [ਮ: ੫

ਧਨ, ਅਕਲ ਜਾਂ ਵਿੱਦਿਆ ਮਨੁੱਖਾਂ ਨੂੰ ਪਰਮਾਤਮਾ ਵਲ ਨਹੀਂ ਪ੍ਰੇਰ ਸਕਦੇ। ਪਰਚਾਰਕ ਦੀ ਤਾਕਤ ਅਤੇ ਖਿੱਚ ਦਾ ਭੇਤ ਹੈ ਉਸ ਦਾ ਆਪਣਾ ਪਵਿੱਤਰ ਜੀਵਨ, ਜਿਸ ਵਿਚ ਪਰਮਾਤਮਾ ਦੇ ਪਿਆਰ ਤੇ ਭਰੋਸੇ ਦੀ ਖਿੱਚ ਭਰੀ ਹੋਈ ਹੋਵੇ ਅਤੇ ਜੋ ਭਗਤੀ ਦੇ ਰੰਗ ਵਿਚ ਰੰਗਿਆ ਹੋਵੇ। ਜਿਹੜਾ ਪਰਚਾਰਕ ਆਪਣੇ ਭਗਤੀ-ਭਾਵ, ਉੱਚ ਜੀਵਨ ਅਤੇ ਮਿੱਠੇ ਸੁਭਾਵ ਨਾਲ ਲੋਕਾਂ ਵਿਚ ਖਿੱਚ ਪੈਦਾ ਨਹੀਂ ਕਰ ਸਕਦਾ, ਉਸ ਦਾ ਪਰਚਾਰ ਉੱਕਾ ਹੀ ਫੋਕਾ ਹੁੰਦਾ ਹੈ।

**ਸੁੱਤਿਆਂ ਦੇ ਹਿਰਦੇ ਤਕ ਉਹੋ ਸ਼ਬਦ ਪਹੁੰਚ ਸਕਦੇ ਹਨ, ਜੋ ਕਿਸੇ ਜੀਉਂਦੇ ਹਿਰਦੇ ਵਿਚੋਂ ਨਿਕਲ ਕੇ ਆਏ ਹੋਣ।** ਉਹਨਾਂ ਦੀ ਜ਼ਮੀਰ ਨੂੰ ਉਹੀ ਲਫ਼ਜ਼ ਵਿੰਨ੍ਹ ਸਕਦੇ ਹਨ ਜੋ ਕਿਸੇ ਜੀਉਂਦੀ ਜ਼ਮੀਰ ਵਿਚੋਂ ਨਿਕਲੇ ਹੋਣ। ਜੋ ਪਰਚਾਰਕ ਸਦਾ ਕਰਤਾਰ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ, ਉਸ ਦੇ ਆਪਣੇ ਪਵਿੱਤਰ ਹੋਏ ਹੋਏ ਹਿਰਦੇ ਦੇ ਭਾਵ ਉਸ ਦੇ ਪਰਚਾਰ ਵਿਚ ਆ ਜਾਂਦੇ ਹਨ ਅਤੇ ਉਸ ਦਾ ਪਰਚਾਰ ਉਸ ਦੇ ਆਪਣੇ ਹਿਰਦੇ ਤਕ ਭੀ ਪਹੁੰਚਦਾ ਰਹਿੰਦਾ ਹੈ। ਇਸ ਤਰ੍ਹਾਂ ਪਰਮਾਤਮਾ ਦੇ ਨਾਲ ਛੁਹਿਆਂ ਉਸ ਦਾ ਹਿਰਦਾ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਸੋ, ਪਰਚਾਰ ਵਾਸਤੇ ਖੋਲ੍ਹੇ ਹੋਏ ਕਿਸੇ ਆਸ਼੍ਰਮ ਵਿਚ ਸਾਡੀ ਸਭ ਤੋਂ ਵੱਡੀ ਇਹ ਲੋੜ ਹੈ ਕਿ ਉਥੇ ਪਰਚਾਰਕਾਂ ਦੇ ਹਿਰਦੇ ਨੂੰ ਤਿਆਰ ਕੀਤਾ ਜਾਏ।

ਅਸੀਂ ਇਹ ਨਹੀਂ ਆਖਦੇ ਕਿ ਪਰਚਾਰਕ ਨੇ ਆਪਣੀ ਅਕਲ ਨਹੀਂ ਵਰਤਣੀ। ਸਗੋਂ, ਜਿਸ ਨੇ ਹਿਰਦੇ ਨੂੰ ਚੰਗਾ ਕਮਾਇਆ ਹੈ, ਉਹ ਅਕਲ ਭੀ ਚੰਗੀ ਤਰ੍ਹਾਂ ਵਰਤ ਸਕੇਗਾ।

ਅਸੀਂ ਇਹ ਨਹੀਂ ਆਖਦੇ ਕਿ ਸਾਡੇ ਪਰਚਾਰਕ ਸਿਆਣੇ ਵਿੱਦਿਆਰਥੀ ਨਾ ਹੋਣ। ਨਹੀਂ, ਉਹਨਾਂ ਦੀ ਮੁਖ-ਵਿੱਦਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ



www.AKJ.Org

ਬਾਣੀ ਹੋਵੇ। ਗੁਰਬਾਣੀ ਦਾ ਚੰਗਾ ਵਿਦਵਾਨ ਉਹੀ ਹੋਵੇਗਾ ਜੋ ਬਾਣੀ ਵਿਚ ਆਪਣੇ ਹਿਰਦੇ ਨੂੰ ਚੰਗੀ ਤਰ੍ਹਾਂ ਜੋੜ ਸਕੇਗਾ।

ਅਸੀਂ ਇਹ ਨਹੀਂ ਆਖਦੇ ਕਿ ਸਾਡੇ ਪਰਚਾਰਕ ਮਨੁੱਖਾ ਦੇ ਹਿਰਦਿਆਂ ਦੀ ਪਰਖ ਨਾ ਕਰ ਸਕਣ। ਨਹੀਂ ਸਗੋਂ ਉਹੀ ਪਰਚਾਰਕ ਇਹ ਪਰਖ ਚੰਗੀ ਤਰ੍ਹਾਂ ਕਰ ਸਕੇਗਾ, ਜਿਸ ਨੇ ਪਹਿਲਾਂ ਆਪਣੇ ਹਿਰਦੇ ਦੀਆਂ ਗੁੰਝਲਾਂ ਤੇ ਡੂੰਘੇ ਭਾਵਾਂ ਨੂੰ ਪਰਖਿਆ ਹੋਵੇ।

ਪਰਚਾਰ ਦੇ ਪਰਵਾਹ ਦਾ ਰਜਵਾਹ ਮਨ ਹੈ, ਪਰ ਇਸ ਦਾ ਸੋਮਾ ਹਿਰਦਾ ਹੈ। ਆਪ ਮਨ-ਰਜਵਾਹ ਨੂੰ ਚੋੜਾ ਤੇ ਡੂੰਘਾ ਬੇ-ਸ਼ੱਕ ਕਰੀ ਜਾਵੋ, ਪਰ ਜੇ ਹਿਰਦੇ-ਸੋਮੇ ਨੂੰ ਡੂੰਘਾ ਤੇ ਪਵਿੱਤਰ ਰੱਖਣ ਵਲ ਧਿਆਨ ਨਾ ਰੱਖਿਆ, ਤਾਂ, ਜਾਂ ਤਾਂ ਪਰਵਾਹ ਸੁੱਕ ਜਾਏਗਾ ਜਾਂ ਉਸ ਦਾ ਪਾਣੀ ਗੰਦਾ ਹੋ ਜਾਏਗਾ।

ਸਿਰ (ਭਾਵ, ਅਕਲ ਤੇ ਦਿਮਾਗ) ਸ਼ਹੀਦ ਪੈਦਾ ਨਹੀਂ ਕਰਦਾ। ਇਹ ਹਿਰਦਾ ਹੀ ਹੈ, ਜੋ ਮਨੁੱਖ ਨੂੰ ਆਪਣੀ ਜ਼ਿੰਦਗੀ 'ਧਰਮ' ਤੇ 'ਪਿਆਰ' ਤੋਂ ਵਾਰਨ ਲਈ ਤਿਆਰ ਕਰ ਦੇਂਦਾ ਹੈ। ਈਮਾਨਦਾਰ ਪਰਚਾਰਕ ਬਣਨ ਲਈ ਬੜੇ ਹੌਸਲੇ ਤੇ ਦਲੇਰੀ ਦੀ ਲੋੜ ਹੈ। ਮਨੁੱਖ ਦੇ ਅੰਦਰ ਇਹ ਦਲੇਰੀ ਹਿਰਦਾ ਹੀ ਪੈਦਾ ਕਰ ਸਕਦਾ ਹੈ। ਸਿਰ ਨੂੰ ਵਿੱਦਿਆ ਨਾਲ ਭਰ ਲੈਣਾ ਸੁਖਾਲਾ ਕੰਮ ਹੈ, ਪਰ ਹਿਰਦੇ ਨੂੰ ਧਰਮ ਲਈ ਤਿਆਰ ਕਰਨਾ ਔਖਾ ਹੈ। ਅਕਲ ਦਾ ਭਰਿਆ ਹੋਇਆ ਵਖਿਆਨ ਤਿਆਰ ਕਰਨਾ ਸੌਖਾ ਹੈ, ਪਰ ਹਿਰਦੇ ਦੇ ਪਿਆਰ ਦੇ ਜਜ਼ਬੇ ਨਾਲ ਭਰਿਆ ਹੋਇਆ ਵਖਿਆਨ ਇਕ ਬੜਾ ਔਖਾ ਕੰਮ ਹੈ। ਇਹ ਹਿਰਦਾ ਹੀ ਹੈ ਜੋ ਜੀਵਾਂ ਨੂੰ ਪ੍ਰਭੂ ਵਲ ਪ੍ਰੇਰਦਾ ਹੈ। ਇਹ ਹਿਰਦੇ ਦਾ ਪਿਆਰ ਹੀ ਸੀ, ਜਿਸ ਨੇ ਗੁਰੂ ਨਾਨਕ ਪਾਤਿਸ਼ਾਹ ਨੂੰ ਘਰ ਦੇ ਸੁਖ ਛਡਾ ਕੇ ਭੁੱਲਿਆਂ ਨੂੰ ਪ੍ਰਭੂ-ਪਿਤਾ ਦੀ ਝੋਲੀ ਪਾਣ ਲਈ ਦੇਸਾਂ-ਪਰਦੇਸਾਂ ਵਿਚ ਫਿਰਾਇਆ, ਜਿਸ ਨੇ ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹਾਦਤ ਦਾ ਜਾਮ ਪਿਲਾਇਆ ਸੀ।

ਵਿਦਵਾਨ ਹੋ ਕੇ ਆਪਣੇ ਖ਼ਿਆਲਾਂ ਨੂੰ, ਮਨੁੱਖ ਅੱਗੇ ਪਰਗਟ ਕਰਨ ਦੇ ਸਮਰੱਥ ਬਣਨਾ ਇਕ ਉੱਤਮ ਗੁਣ ਹੈ। ਪਰ ਇਸ ਤੋਂ ਵਧੀਕ ਸੁਭਾਗਤਾ ਇਹ ਹੈ ਕਿ ਆਪਣੇ ਆਪ ਨੂੰ, ਆਪਣੇ ਹਿਰਦੇ ਨੂੰ, ਪਿਆਰ-ਤੇ-ਜ਼ਿੰਦਗੀ-ਦੇ-ਖ਼ਜ਼ਾਨੇ ਪਰਮਾਤਮਾ ਅੱਗੇ ਪਰਗਟ ਕਰੀਏ। ਪਰਮਾਤਮਾ ਪਿਆਰ ਤੇ ਭਲਾਈ ਦਾ ਪੂਰਨ ਸਰੂਪ ਹੈ। ਜਿਉਂ ਜਿਉਂ ਮਨੁੱਖ ਦਾ ਹਿਰਦਾ ਖਿੜ ਕੇ ਖੁੱਲ੍ਹ ਕੇ ਉਸ ਨਾਲ ਛੁਹੇਗਾ, ਉਸ ਦਾ ਪਿਆਰ ਤੇ ਭਲਾਈ ਮਨੁੱਖ ਦੇ ਲੂੰ ਲੂੰ ਵਿਚ ਰਚ ਜਾਣਗੇ ਤੇ ਮਨੁੱਖ ਦੇ ਅੰਦਰ ਪੂਰਨ ਜ਼ਿੰਦਗੀ ਆ ਜਾਏਗੀ। ਪਰਮਾਤਮਾ ਦਾ ਉਸ ਹਿਰਦੇ ਉੱਤੇ ਪਰਭਾਵ ਪਿਆਂ ਹਿਰਦੇ ਵਿਚ ਹੋਰ ਪਿਆਰ ਉਪਜਦਾ ਹੈ, ਹੋਰ ਖਿੱਚ ਵਧਦੀ ਹੈ, ਹੋਰ ਤਾਕਤ ਆਉਂਦੀ ਹੈ। ਇਸ ਵਾਧੇ ਦੇ ਕਾਰਨ ਉਹ ਹਿਰਦਾ ਹੋਰ ਖਿੜਦਾ ਹੈ, ਹੋਰ ਖੁੱਲ੍ਹਦਾ ਹੈ, ਤੇ ਇਸ ਤਰ੍ਹਾਂ ਵਾਧੇ ਦੀ ਇਹ ਲੜੀ ਬਣੀ ਰਹਿੰਦੀ ਹੈ।

ਸੋ, ਉੱਚੀ ਵਿੱਦਿਆ, ਧਨ ਅਤੇ ਪਰਚਾਰ ਦੇ ਨਵੇਂ ਨਵੇਂ ਸੋਹਣੇ ਢੰਗ ਕਿਸੇ ਮਨੁੱਖ ਨੂੰ ਕਾਮਯਾਬ ਪਰਚਾਰਕ ਨਹੀਂ ਬਣਾ ਸਕਦੇ। ਪਰਚਾਰ ਵਿਚ ਇਹ ਚੀਜ਼ਾਂ ਸਹਾਇਤਾ ਤਾਂ ਕਰਦੀਆਂ ਹਨ, ਪਰ ਨਿਰੀਆਂ ਇਹੀ ਕਾਫ਼ੀ ਨਹੀਂ ਹਨ। ਪਰਚਾਰਕ ਨੇ ਪਹਿਲਾਂ ਗੁਰੂ ਦੇ ਸਨਮੁਖ ਹੋ ਕੇ, ਗੁਰੂ ਦੀ ਰਜ਼ਾ ਵਿਚ ਤੁਰ ਕੇ, ਗੁਰੂ ਦੇ ਦੱਸੇ ਹੋਏ ਰਾਹ ਵਾਲਾ ਜੀਵਨ ਬਣਾ ਕੇ, ਆਪਣੇ ਆਪ ਨੂੰ ਮਾਇਆ ਦੀ ਨੀਂਦ ਵਿਚੋਂ ਜਗਾਣਾ ਹੈ। ਇਹ ਨੀਂਦ ਕਈ ਕਿਸਮ ਦੀ ਹੈ। ਅੱਖਾਂ ਪਰਾਇਆ ਰੂਪ ਵੇਖਣ ਵਿਚ ਸੁੱਤੀਆਂ ਰਹਿੰਦੀਆਂ ਹਨ। ਕੰਨ ਪਰਾਈ ਨਿੰਦਾ ਸੁਣਨ ਵਿਚ ਸੌਂ ਜਾਂਦੇ ਹਨ। ਜੀਭ ਖਾਣ ਦੇ ਚਸਕੇ ਵਿਚ ਤੇ ਦੂਜਿਆਂ ਦੀ ਨਿੰਦਾ ਕਰਨ ਵਿਚ ਸੁੱਤੀ ਰਹਿੰਦੀ ਹੈ। ਇਸੇ ਤਰ੍ਹਾਂ ਕਈ ਮਾਨਸਕ ਰੋਗ ਅਤੇ ਚਸਕੇ ਹਨ, ਜਿਨ੍ਹਾਂ ਵਿਚ ਜੀਵ ਸੁੱਤੇ ਰਹਿ ਕੇ 'ਹਰਿ ਕੇ ਰੂਪ ਸੰਸਾਰ' ਨੂੰ ਨਰਕ ਬਣਾ ਰਹੇ ਹਨ। ਸੁੱਤਾ ਹੋਇਆ ਮਨੁੱਖ ਸੁੱਤਿਆਂ ਨੂੰ ਜਗਾ ਨਹੀਂ ਸਕਦਾ। ਇਸ ਮਾਇਕ ਨੀਂਦ ਵਿਚ ਸੁੱਤੇ ਹੋਏ ਮਨੁੱਖ ਦਾ ਪਰਚਾਰ ਇਉਂ ਹੀ ਹੈ ਜਿਵੇਂ ਕੋਈ ਮਨੁੱਖ ਨੀਂਦ ਵਿਚ ਬਰੜਾ ਰਿਹਾ ਹੋਵੇ।



www.AKJ.Org

ਗੁਰ-ਇਤਿਹਾਸ ਵਿਚ ਸਿੱਖਾਂ ਦੇ ਜੀਵਨ ਪੜ੍ਹ ਕੇ ਵੇਖੋ। ਜਿਨ੍ਹਾਂ ਨੂੰ ਸਤਿਗੁਰੂ ਜੀ ਨੇ 'ਮੰਜੀਆਂ' ਸੌਂਪੀਆਂ, ਜਿਨ੍ਹਾਂ ਨੂੰ ਸਿੱਖ-ਧਰਮ ਦਾ ਪਰਚਾਰਕ ਬਣਾਇਆ ਉਹਨਾਂ ਨੂੰ ਕਾਫ਼ੀ ਸਮਾਂ ਆਪਣੇ ਪਾਸ ਰੱਖ ਕੇ ਉਹਨਾਂ ਦੇ ਜੀਵਨ ਵਿਚ ਤਬਦੀਲੀ ਲਿਆਂਦੀ। ਭਾਈ ਮਨਸੁਖ ਵਪਾਰੀ ਗੁਰੂ ਨਾਨਕ ਦੇਵ ਜੀ ਪਾਸ ਸੁਲਤਾਨਪੁਰ ਚੋਖਾ ਚਿਰ ਰਿਹਾ। ਜਦੋਂ ਉਹ ਸਿੱਖ-ਰੰਗਣ ਵਿਚ ਰੰਗਿਆ ਗਿਆ, ਤਾਂ ਸਤਿਗੁਰੂ ਜੀ ਨੇ ਉਸ ਨੂੰ ਦੇਸਾਂਤਰਾਂ ਵਿਚ ਕਾਰ-ਵਿਹਾਰ ਕਰਨ ਲਈ ਭੇਜ ਦਿੱਤਾ। ਭਾਈ ਮਨਸੁਖ ਦਾ ਜੀਵਨ ਹੀ ਪਰਚਾਰ ਬਣ ਗਿਆ ਸੀ। ਉਸ ਦੇ ਜੀਵਨ ਦੀ ਹੀ ਛੁਹ ਨਾਲ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਨੂੰ ਗੁਰੂ ਨਾਨਕ ਪਾਤਿਸ਼ਾਹ ਦੇ ਪਿਆਰ ਦੀ ਲਟਕ ਲੱਗ ਗਈ ਸੀ। ਪੰਡਿਤ ਮਾਈਦਾਸ ਜਦੋਂ ਪਹਿਲਾਂ ਪਹਿਲ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਇਆ ਸੀ, ਪਿਆਰ-ਵੱਸ ਹੋ ਕੇ ਹੀ ਆਇਆ ਸੀ। ਪਰ ਅਜੇ ਉਸ ਦੇ ਅੰਦਰ ਜਾਤੀ-ਭੇਦ ਦਾ ਵਿਤਕਰਾ ਮੌਜੂਦ ਸੀ। ਅਜੇ ਉਸ ਨੂੰ ਸਾਰੀ ਖ਼ਲਕਤ ਵਿਚ ਪ੍ਰਭੂ ਤੇ ਗੁਰੂ ਦੇ ਦਰਸ਼ਨ ਕਰਨ ਦੀ ਜਾਚ ਨਹੀਂ ਆਈ ਸੀ। ਉਸ ਦੇ ਭਾਗ ਜਾਗੇ। ਗੁਰੂ-ਚਰਨਾਂ ਵਿਚ ਰਹਿ ਕੇ ਉਸ ਦੇ ਅੰਦਰੋਂ ਜਾਤੀ-ਅਹੰਕਾਰ ਮੁੱਕ ਗਿਆ, **ਉਸ ਦਾ ਸੁੱਤਾ ਹੋਇਆ ਮਨ ਜਾਗ ਪਿਆ। ਵਿੱਦਿਆ ਨਾਲ ਨਹੀਂ, ਵਿਦਵਾਨ ਤਾਂ ਉਹ ਅੱਗੇ ਹੀ ਸੀ, ਜੀਵਨ-ਛੁਹ ਨਾਲ ਜਾਗਿਆ।** ਮਾਈਦਾਸ ਜੀਊ ਪਿਆ, ਜਾਗ ਪਿਆ। ਤੇ ਇਸ ਜਾਗੇ ਹੋਏ ਮਾਈਦਾਸ ਨੂੰ ਗੁਰੂ ਅਮਰਦਾਸ ਜੀ ਨੇ 'ਮੰਜੀ' ਬਖ਼ਸ਼ੀ, ਸਿੱਖ-ਧਰਮ ਦਾ ਪਰਚਾਰਕ ਬਣਾਇਆ। ਅਜਿਹੀਆਂ ਸੈਂਕੜੇ ਸਾਖੀਆਂ ਗੁਰ-ਇਤਿਹਾਸ ਵਿਚ ਚਮਕ ਰਹੀਆਂ ਹਨ। ਧਰਮ ਦੇ ਪਰਚਾਰ ਲਈ ਵਿੱਦਿਆ ਦੀ ਭੀ ਲੋੜ ਹੈ, ਧਨ ਦੀ ਭੀ ਲੋੜ ਹੈ, ਸੋਹਣੇ ਦਿਲ-ਖਿਚਵੇਂ ਢੰਗ ਭੀ ਸਹਾਈ ਹੋ ਸਕਦੇ ਹਨ। ਪਰ ਸਭ ਤੋਂ ਵਡੀ ਲੋੜ ਹੈ 'ਲਗਨ' ਦੀ, ਗੁਰੂ ਨਾਨਕ ਪਾਤਿਸ਼ਾਹ ਅਤੇ ਉਸ ਦੇ ਭੇਜਣ ਵਾਲੇ ਦਾਤਾਰ-ਪ੍ਰਭੂ ਦੇ ਚਰਨਾਂ ਦੇ ਪਿਆਰ ਤੇ ਖਿੱਚ ਦੀ। **ਇਸ ਪਿਆਰ ਤੇ ਖਿਚ ਦੀ ਪ੍ਰਾਪਤੀ ਜੀਵਨ ਦੇ ਸੋਮੇ ਗੁਰਬਾਣੀ ਵਿਚੋਂ ਹੀ ਹੋ ਸਕਦੀ ਹੈ।** ਜੇ ਸਿੱਖ ਪਰਚਾਰਕ ਨੇ ਸਿੱਖਾਂ ਦਾ ਜੀਵਨ ਗੁਰੂ ਨਾਨਕ ਪਾਤਿਸ਼ਾਹ ਦੇ ਘੜੇ ਹੋਏ ਸੱਚੇ ਵਿਚ ਢਾਲਣਾ ਹੈ, ਤਾਂ ਉਹ ਗੁਰੂ ਪਾਤਿਸ਼ਾਹ ਦੀ ਬਾਣੀ ਅਤੇ ਜੀਵਨ ਦੀ ਰਾਹੀਂ ਹੀ ਹੋ ਸਕਦਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਲਗਨ ਗੁਰੂ ਨਾਨਕ ਦੀ ਬਾਣੀ ਸੁਣਿਆਂ ਤੇ ਪੜ੍ਹਿਆਂ ਹੀ ਪੈਦਾ ਹੋ ਸਕਦੀ ਹੈ। ਅਸਾਡਾ ਸੂਰਜ ਗੁਰੂ ਨਾਨਕ ਹੈ। ਅਸਾਂ ਉਸੇ ਤੋਂ ਰੋਸ਼ਨੀ ਲੈਣੀ ਹੈ।

---


## ਪਿੰਡ ਅੰਬੇ ਮਾਜਰਾ (ਮੰਡੀ ਗੋਬਿੰਦਗੜ੍ਹ) ਵਿਖੇ ਕੀਰਤਨ ਰੈਣ ਸਬਾਈ

ਬੇਨਤੀ ਹੈ ਕਿ ਇਲਾਕਾ ਨਿਲਾਸੀ ਖ਼ਾਲਸੇ ਦੀ ਪ੍ਰਵਾਨਗੀ ਨਾਲ ਪਿੰਡ ਅੰਬੇ ਮਾਜਰਾ (ਮੰਡੀ ਗੋਬਿੰਦਗੜ੍ਹ ਜ਼ਿਲਾ ਪਟਿਆਲਾ) ਵਿਖੇ ੫ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਭਾਈ ਸਾਹਿਬ ਮਹਿੰਦਰ ਸਿੰਘ ਜੀ ਐਸ.ਡੀ.ਓ. ਨੇ ਭੀ ਹਾਜ਼ਰੀ ਭਰਨ ਦੀ ਪਰਵਾਨਗੀ ਦੇ ਦਿਤੀ ਹੈ। ਅਸੀਂ ਗ੍ਰਹਿ ਨਿਵਾਸੀ ਸਮੂਹ ਗੁਰੂ ਕੀਆਂ ਲਾਡਲੀਆਂ ਫੌਜਾਂ ਨੂੰ ਬੇਨਤੀਆਂ ਕਰਦੇ ਹਾਂ ਕਿ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ। ਦਰਸ਼ਨ ਅਭਿਲਾਖੀ –

ਪ੍ਰੀਤਮ ਸਿੰਘ (ਸੰਤ), ਕਾਕਾ ਅਰਜਨ ਸਿੰਘ ਤੇ ਸਰਬਤ ਪਰਵਾਰ, ਪਿੰਡ ਅੰਬੇ ਮਾਜਰਾ

ਨੋਟ :– ਪਿੰਡ ਅੰਬੇ ਮਾਜਰਾ ਮੰਡੀ ਗੋਬਿੰਦ ਗੜ੍ਹ ਤੋਂ ਤਿੰਨ ਮੀਲ, ਸਰਹੰਦ ਤੋਂ ਪੰਜ ਮੀਲ, ਭਾਖੜਾ ਲੰਘ ਕੇ ਤਿੰਨ ਫਰਲਾਂਗਾਂ ਤੇ ਹੈ। ਗੋਬਿੰਦ ਗੜ੍ਹ ਤੇ ਸਰਹੰਦ ਤੋਂ ਮਲੇਰ ਕੋਟਲੇ ਵਾਲਿਆਂ ਬਸਾਂ ਰਸਤੇ ਵਿਚ ਇਸ ਪਿੰਡ ਉਤਾਰ ਦੇਂਦੀਆਂ ਹਨ।




www.AKJ.Org

# ਜੋਤਿ ਦੀਪਕੀ ਪਤੰਗੇ ਡਾ: ਗੁਰਦੀਪ ਸਿੰਘ ਜੀ

[ ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸਾਨੂੰ ਇਸ ਵੀਰ ਦੇ ਪਹਿਲੇ ਜੀਵਨ, ਨੰਦ ਸਿੰਘੀ ਜੀਵਨ ਨਾਲ ਕੋਈ ਸਰੋਕਾਰ ਨਹੀਂ, ਸਾਡੇ ਨਾਲ ਤਾਂ ਵਾਸਤਾ ਉਦੋਂ ਹੀ ਪਿਆ ਹੈ ਜਦੋਂ ਕਿ ਇਹ ਬੇਹਬਲ ਬੈਰਾਗੀਅੜਾ ਅਤੀਤ ਬੈਰਾਗੀ ਹੋ ਕੇ ਸਾਰਿਆਂ ਤੋਂ ਨਿਰਾਸ ਹੋ ਕੇ ਅਤੇ ਸਾਰੇ ਭੇਖਾਂ ਦੇ ਸਾਧਾਂ ਤੋਂ ਉਦਾਸ ਉਪਰਾਮ ਹੋ ਕੇ, ਅਤਿਅੰਤ ਹੀ ਵਿਆਕੁਲਤਾ ਵਿਚ ਨਿਮਰੀ-ਭੂਤ ਹੋ ਕੇ, ਖੋਜਦੇ ਖੋਜਦੇ ਨਾਰੰਗਵਾਲ ਆਣ ਪੁਜੇ। ਉਥੇ ਸੁਤੇ-ਸੁਭਾਵ ਹੀ ਇਸ ਦੇ ਆਉਂਦਿਆਂ ਨੂੰ ਸਤਸੰਗੀ ਮੰਡਲ ਤੇ ਕੀਰਤਨੀ ਪਰਵਾਹ ਚਲ ਰਹੇ ਸਨ। ਸਾਨੂੰ ਇਹ ਗੱਲ ਉਕੀ ਹੀ ਯਾਦ ਨਹੀਂ ਕਿ ਇਸ ਵੈਰਾਗੀਅੜੇ ਨੰਦ ਸਿੰਘ ਨੂੰ ਇਸ ਸਤਿਸੰਗ ਮੰਡਲੀ ਦੀ ਕਿਵੇਂ ਸੂਹ ਲਗੀ।

ਸਿਦਕੀ ਖੋਜੀ ਖੋਜ ਕਢ ਹੀ ਲੈਂਦੇ ਹਨ। ਸਚੀ ਖੋਜ ਦੇ ਮੁਤਲਾਸ਼ੀ, ਸਚੜੀ ਆਤਮ ਔਜ ਦਾ ਆਸ਼ੀਆਨਾ (ਆਲ੍ਹਣਾ) ਤੇ ਟਿਕਾਣਾ ਭਾਲ ਹੀ ਲੈਂਦੇ ਹਨ। ਪਹਿਲੜੇ ਸਰੀਰ ਦਰਸ਼ਨ ਇਸ ਪਹਿਲ ਪਲੋਠੀਏ ਨਵਜੋਬਨੀ ਬਾਲੜੇ ਦੇ, ਇਸ਼ ਸਚੜੀ ਇਸ਼ਕ ਮੁਹੱਬਤ ਦੇ ਆਸ਼ਕੜੇ ਦੇ, ਸਾਨੂੰ ਉਸ ਉਮਰੇ ਨਾਰੰਗਵਾਲ ਆਉਣ ਪਰ ਹੀ ਹੋਏ ਸਨ, ਦੋਨੋਂ ਹੀ ਭੈਣ ਭਾਈ ਪੁਜ ਕੇ ਪ੍ਰਮਾਰਥ ਦੇ ਪਾਤਰ ਸਨ। ਕੁਦਰਤੀ ਹੀ ਅੰਮ੍ਰਿਤ-ਸਿੰਚਾਰ ਦਾ ਸਮਾਗਮ ਨਾਰੰਗ-ਵਾਲ ਵਿਖੇ ਜੁੜਿਆ ਹੋਇਆ ਸੀ। ਪਰ ਯਾਦ ਨਹੀਂ ਕਿ ਕਿਹੜੇ ਮੌਕੇ ਜੁੜਿਆ ਸੀ। ਸਤਿਸੰਗੀ ਜਨ ਏਹਨਾਂ ਦੋਹਾਂ ਨੂੰ ਦੇਖਦੇ ਸਾਰ ਹੀ ਤਾੜ ਗਏ ਕਿ ਇਹ ਪਿਛਲੇ ਜਨਮ ਦੀਆਂ ਵਿਛੜੀਆਂ ਹੋਈਆਂ ਰੂਹਾਂ ਹਨ। ਪਿਆਰੇ ਨੰਦ ਸਿੰਘ ਜੀ ਦੀ ਪਰਮਾਰਥੀ ਪਾਤਰਤਾ ਬੜੀ ਉਚੇਰੀ ਟੀਸੀ ਤਾਈਂ ਅਪੜ ਚੁਕੀ ਸੀ। ਬੀਬੀ ਨੰਦ ਕੌਰ ਭੀ ਘਟ ਨਹੀਂ ਸੀ। ਇਸ ਨੂੰ ਭੀ ਆਪਣੇ ਵੀਰ ਦੇ ਨਾਲ ਹੀ ਜਹਾਜ਼ੇ ਚੜ੍ਹਨ ਦੀ ਤਕੜੀ ਲਿਵ ਲਗੀ ਹੋਈ ਸੀ। ਪਰ ਉਸ ਦੇ ਭਾਗਾਂ ਵਿਚ ਵੀਰ ਦੇ ਨਾਲ ਜਹਾਜ਼ ਚੜ੍ਹਨਾ ਨਹੀਂ ਸੀ ਲਿਖਿਆ ਹੋਇਆ, ਕਿਉਂਕਿ ਜਥੇ ਦੇ ਅਸੂਲਾਂ ਅਨੁਸਾਰ ਆਪਣੇ ਸੰਸਾਰਕ ਸੰਜੋਗੀ ਪਤੀ ਬਿਹੂਣ ਉਹ ਬੀਬੀ ਅੰਮ੍ਰਿਤ ਨਹੀਂ ਸੀ ਛਕ ਸਕਦੀ। ਪਤੀ ਉਸਦਾ ਅਜੇ ਪਰਮਾਰਥ ਦਾ ਪਾਂਧੀ ਭੀ ਨਹੀਂ ਸੀ ਬਣਿਆ। ਗੁਰਮਤਿ ਸਤਿਸੰਗ ਦੇ ਅਜੇ ਉਹ ਅਭਾਗਾ ਪੁਰਸ਼ ਨੇੜੇ ਭੀ ਨਹੀਂ ਸੀ ਆਇਆ, ਪਰ ਬੀਬੀ ਨੰਦ ਕੌਰ ਜੀ ਦੀ ਬੜੀ ਹੀ ਆਸ਼ਾ ਸੀ ਤੇ ਪੱਕਾ ਵਿਸ਼ਵਾਸ ਸੀ ਤੇ ਧਰਵਾਸ ਸੀ ਕਿ ਇਸ ਦੀ ਨਿਜ ਸਨਿਮਰੀ ਪ੍ਰੇਰਨਾ ਦੇ ਪਰਾਇਣ ਹੋ ਕੇ ਉਸ ਦਾ ਪਤੀ ਇਕ ਦਿਨ ਜ਼ਰੂਰ ਹੀ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਜਾਏਗਾ। ਚਾਹੇ ਆਪਣੇ ਵੀਰ ਦੇ ਨਾਲ ਹੀ ਇਕ ਬਾਟੇ ਵਿਚ ਅੰਮ੍ਰਿਤ ਛਕਣ ਦਾ ਇਸ ਬੀਬੀ ਦਾ ਹਦ ਦਰਜੇ ਦਾ ਉਤਸ਼ਾਹ ਉਮਾਹਾ ਸੀ, ਪਰ ਗੁਰਮਤਿ ਅਸੂਲਾਂ ਦੀ ਪਾਬੰਦੀ ਅਤੇ ਅਪਣੇ ਪਤੀ ਨੂੰ ਭੀ ਆਪਣੇ ਨਾਲ ਹੀ ਨਿਸਤਾਰਨ ਦੀ ਖ਼ਾਹਸ਼ਮੰਦੀ ਭੀ ਇਸ ਬੀਬੀ ਦੀ ਅਨੂਪਮ ਸੀ। ਇਹ ਬੀਬੀ ਨੰਦ ਕੌਰ ਦੀ ਬੜੀ ਹੀ ਉਚੀ ਕੁਰਬਾਨੀ ਹੈ ਕਿ ਇਸ ਨੇ ਆਪਣੇ ਅਤਿ ਉਚੇ ਪਰਮਾਰਥੀ ਵੇਗ ਨੂੰ ਰੋਕ ਕੇ ਤਤ ਅਸੂਲਾਂ ਦੀ ਅਨੁਸਾਰਤਾ ਵਾਲੀ ਤੇ ਕੁਛ ਹੋਰ ਸਮਾਂ ਉਡੀਕਣ ਦੀ ਵਿਸ਼ਾਲਤਾ ਵਿਖਾਲੀ।

ਮੈਨੂੰ ਯਾਦ ਹੈ ਕਿ ਵੀਰ ਨੰਦ ਸਿੰਘ ਜੀ ਤਾਂ ਅੰਮ੍ਰਿਤ ਛਕਣ ਹਾਰਿਆਂ ਦੇ ਮੰਡਲ ਵਿਚ ਅੰਦਰ ਬੈਠੇ ਕਾਗੋਂ ਹੰਸ ਬਣਨ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਹੰਸ ਅਵਤੰਸ਼ੀ ਉਡਾਰੀਆਂ ਲੈ ਰਹੇ ਹਨ ਅਤੇ ਉਸ ਦੀ ਸਰਬ ਗੁਣਾਂ, ਗੁਰਮਤਿ ਗੁਣਾਂ ਸੁਪਾਤਰ ਭੈਣ ਬਾਹਰਵਾਰ ਬਰਾਂਡੇ ਵਿਚ ਬੈਠੀ ਹੋਈ ਝੂਮ ਰਹੀ ਸੀ। ਉਸਨੂੰ ਬਾਹਰ ਬੈਠੀ ਨੂੰ ਹੀ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਸ ਨੇ ਆਪਣੇ ਹੰਸ ਵੀਰ ਦੇ ਨਾਲ ਉਡਣਾ ਹੈ ਤੇ ਉਚ ਅਮਰ ਅਟਾਰੀਆਂ ਦੀਆਂ ਉਡਾਰੀਆਂ ਮਾਰਨੀਆਂ ਹਨ। ਆਹ ਉਹ ਵੇਲਾ ਆ ਗਿਆ। ਉਹ ਭਲਾ ਸੰਜੋਗੜਾ ਆਪਣੀ ਢੁਕਣੀ ਨੇੜੇ ਹੀ ਢੁਕ ਗਿਆ ਕਿ ਵੀਰ ਨੰਦ ਸਿੰਘ ਅਜ ਪਿਆਰਾ



www.AKJ.Org

ਗੁਰਦੀਪ ਸਿੰਘ ਬਣਨ ਲਗਾ ਹੈ। ਅੰਮ੍ਰਿਤ-ਅਧਿਕਾਰੀਆਂ ਦੀ ਪਹਿਲੀ ਕਤਾਰ ਵਿਚ ਬੈਠਾ ਹੋਇਆ ਅੰਦਰਵਾਰ ਪੰਜਾਂ ਪਿਆਰਿਆਂ ਅਗੇ ਦਇ ਕਰ ਜੋੜ ਅੰਮ੍ਰਿਤ ਅਭਿਲਾਖਾ ਵਿਚ ਸੰਧੁਰਤ ਹੋਇਆ ਪਿਆ ਸੀ। ਪੰਜਾਂ ਪਿਆਰਿਆਂ ਦੀ ਪ੍ਰੀਖਿਆ-ਚੋਣ ਵਿਚ ਸਭ ਤੋਂ ਵਧ ਕੇ ਪਰਵਾਨ-ਪਾਤਰੀ ਜੀਉੜਾ, ਪਪੀਹੇ ਵਤ ਪਿਆਸਾ ਇਹ ਡਾਕਟਰ ਨੰਦ ਸਿੰਘ ਸੀ। ਇਸ ਸੁਭਾਗੇ ਸੁਖੀਂ ਲਧੜੇ ਵੀਰ ਦੇ ਪੁਗ ਖਲੋਣ ਦਾ ਸ਼ੁਭ ਸਮਾਂ ਆ ਹੀ ਗਿਆ।

ਅੰਮ੍ਰਿਤ ਛਕਣ ਸਾਰ ਪੰਜਾਂ ਪਿਆਰਿਆਂ ਦੁਆਰਾ ਦੀਖਿਆ ਗੁਰਮੰਤਰ ਮਿਲਣ ਦੀ ਦੇਰ ਸੀ ਕਿ ਇਸ ਦੀਆਂ ਅੱਖੀਆਂ ਟਟਾਰੇ ਜਾ ਲਗੀਆਂ, ਸੁਰਤੀ ਇਕਦਮ ਗਗਨਾਂ ਵਿਚ ਜਾ ਖੇਲੀ। ਨਾਮ ਦਾ ਖੰਡਾ ਅਜਿਹਾ ਖੜਕਿਆ ਕਿ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" ਵਾਲਾ ਦ੍ਰਿਸ਼ ਸਾਂਗੋ ਪਾਂਗ ਬਝ ਗਿਆ।

ਕਰੁਣਾ-ਰਸ ਪ੍ਰਾਇਣੀ ਨੀਰ ਨਿਪੁੰਨੀ ਫੁਹਾਰ, ਅਮਰ ਬਹਾਰੀ ਹੋ ਕੇ ਨੈਨਾਂ ਵਿਚੋਂ ਪੈ ਰਹੀ ਹੈ। ਨੂਰ-ਮਜਨੀ ਜੋਤਿ-ਲਿਸ਼ਕ ਨਾਲ ਚੇਹਰਾ ਤੇ ਮਸਤਕ ਨੂਰ ਅਫ਼ਸ਼ਾਨੀ ਦਮਕ ਨਾਲ ਦਮਕ ਰਿਹਾ ਹੈ। ਇਕ ਤਾਂ ਸਰੀਰਕ ਸੁੰਦਰਤਾ ਪਹਿਲਾਂ ਹੀ ਸੁੰਦਰ-ਮੁੰਦਰੀਕ੍ਰਾਂਤ ਵਾਲੀ ਸੀ। ਦੂਜੇ ਉਪਰੋਂ ਜੋਤਿ ਜਗਮਗੀ ਨੂਰ ਠਰੂਰੀ ਝਲਕੇ ਝਲਕਣ ਲਗ ਪਏ। ਕੌਣ ਜਾਣੇ, ਕੌਣ ਪਛਾਣ ਕਿ ਅਜ ਉਹ ਉਹੀ ਨੰਦ ਸਿੰਘ ਹੈ। ਚੰਦ ਚਕੋਰੀ ਦ੍ਰਿਸ਼ਟੀ 'ਲਾਇ ਤਾਰ ਨਿਹਾਲੇ' ਵਾਲਾ ਪ੍ਰਤੱਖ ਪੂਰਨਾ ਪਾ ਰਹੀ ਹੈ, ਪੂਰਬਲੇ ਜਨਮ ਦੀ ਪ੍ਰਮਾਰਥ ਸਬੰਧੀ ਅਧਿਕਾਰਤਾ ਵਾਲੀ ਕਮਾਈ ਬਿਅੰਤ ਹੋਈ ਵੀ ਸੀ. ਇਸ ਜਨਮ ਦੇ ਨੰਦ ਸਿੰਘ ਚੋਲੇ ਵਾਲੇ ਪਹਿਰੇ ਵਿਚ ਦੀ ਅਣਗਿਣਤ ਪ੍ਰਮਾਰਥੀ ਸਿਕ ਵਾਲੀਆਂ ਪੰਧਾਂ ਝਾਗੀਆਂ ਹੋਈਆਂ ਸਨ। ਸੁਰਤੀਆਂ ਬਿਰਤੀਆਂ ਅੰਮ੍ਰਿਤ ਬੂੰਦ ਦੇ ਸਮਾਲਣ ਲਈ ਪੂਰਨ ਸਾਵਧਾਨਤਾ ਸਹਿਤ ਜਾਗੀਆਂ ਹੋਈਆਂ ਸਨ। ਅੰਮ੍ਰਿਤ ਬੂੰਦ ਮਈ ਸਵਾਂਤ-ਕਣੀ ਇਸ ਪਪੀਹੜੇ ਦੇ ਮੁਖਾਰਬਿੰਦ ਅੰਦਰ ਪੈਣ ਦੀ ਦੇਰ ਸੀ ਕਿ ਅੰਤਰ ਆਤਮੇ ਅੰਮ੍ਰਿਤ ਦੀ ਸਰਸ਼ਾਰ ਧਾਰਾ ਪੂਰੇ ਵੇਗ ਵਿਚ ਵਗਣ ਲਗ ਪਈ, ਨਾਮ ਗੁਰਮੰਤਰ ਦੀਖਿਆ ਦਾ ਪੰਜਾਂ ਪਿਆਰਿਆਂ ਦੁਆਰਾ ਕੰਨਾਂ ਵਿਚ ਪ੍ਰਵੇਸ਼ ਹੋਣ ਦੀ ਦੇਰ ਹੀ ਸੀ ਕਿ ਜੋਤਿ-ਰੰਗੀ ਨਾਮ ਦਾ ਖੰਡਾ ਆਪ-ਮੁਹਾਰਾ ਖੜਕਣ ਲਗ ਪਿਆ, ਰੋਮ ਰੋਮ ਅੰਦਰ ਖੜਕਿਆ। ਐਸੀ ਚਾਬੀ ਲਗੀ ਕਿ ਇਕੋ ਵਾਰ ਹੀ ਇਹ ਖੰਡਾ ਮਈ ਪੈਂਡੂਲਮ ਐਸਾ ਤੁਰਿਆ, ਕਿ ਬਰਸਾਂ ਬਧੀ ਤੁਰਿਆ ਹੀ ਰਿਹਾ। ਨਾਮ ਅੰਮ੍ਰਿਤ ਦੀ ਐਸੀ ਝਲਕਾਰ ਅੰਤਰਗਤਿ ਬਝੀ ਕਿ ਜੋਤੀਸ਼ ਝਾਲੂ ਕੰਤੜਾ ਘਟ ਅੰਤਰ ਹੀ ਝਲਕਾਂ ਮਾਰ ਕੇ ਦੀਦਾਰ-ਪਜ਼ੀਰ ਆਣ ਹੋਇਆ। ਰਸ-ਜੀਭੇ ਗੁਰਦੀਪ ਸਿੰਘ ਨੂੰ ਕੀ ਪਤਾ ਸੀ ਕਿ ਜਿਸ ਦੀਦਾਰ ਲਈ ਉਹ ਹੁਣ ਤਾਈਂ ਸਾਰੀ ਉਮਰ ਬਾਹਜ-ਮੁਖੀ ਢੂੰਢਣੀਆਂ ਢੂੰਢਦਾ ਰਿਹਾ ਉਸ ਅਨੂਪਮ ਦੀਦਾਰ ਦੇ ਝਲਕਾਰੇ ਉਸ ਦੇ ਘਟ ਅੰਦਰ ਹੀ ਆਇ ਪ੍ਰਗਟ ਪਹਾਰੇ ਦਿਸਣ ਲਗ ਪੈਣਗੇ। ਜੋਤੀਸ਼ੀ ਜੋਤਿ ਅੰਦਰੋਂ ਪਰਜ੍ਵਲਤ ਹੋ ਕੇ ਬਾਹਰਲੇ ਗਗਨ-ਮੰਡਲੀ ਪੁਲਾੜ ਵਿਚ ਸਾਰੇ ਪਸਰ ਗਈ। ਅੰਦਰ ਵੀ ਅਤੇ ਬਾਹਰ ਵੀ ਇਕੋ ਜੋਤੀਸ਼ ਕਰਤਾਰ ਦੇ ਜੋਤਿ ਝਾਲੂ ਦੀਦਾਰੜੇ ਸਾਮਰਤਖ ਹੋਣ। ਲੋਇਣਾਂ ਦੀ ਤਾਰ ਇਕ-ਟਕ ਇਹਨਾਂ ਪ੍ਰਤਖ ਦੀਦਾਰਿਆਂ ਵਲ ਹੀ ਲਗ ਰਹੀ ਸੀ। ਪ੍ਰੇਮ-ਕਸਾਈਆਂ ਅਖੜੀਆਂ ਹਰਿ ਹਰਿ ਨਾਮ ਪੇਖਣ ਵਿਚ ਰੁਝੀਆਂ ਹੋਈਆਂ ਸਨ। ਵਾਹਿਗੁਰੂ ਨਾਮ ਦੇ ਜੋਤਿ ਜਗੰਨੇ ਦੀਦਾਰੇ,ਨਾਮੀ ਵਾਹਿਗੁਰੂ ਦੇ ਪ੍ਰਤਖ ਦਰਸ਼ਨ ਝਲਕਾਰੇ ਸਨ। ਇਸ ਜੋਤ ਦੀਦਾਰੜੇ ਰਸਿਕ ਰਸੀਮੜੇ ਦਿਬ ਰੰਗਾਂ ਦੇ ਅਜਬਾਲੜੇ ਬਿਸਮਾਦ ਅਹਿਲਾਦੀ ਸੁਆਦ ਸਨ। ਇਹੀ ਕਾਰਨ ਸੀ ਕਿ ਬਿਸਮਾਦ ਰੰਗਾਂ ਵਿਚ ਗੜੂੰਦ ਹੋਏ ਗੁਰਦੀਪ ਸਿੰਘ ਦੇ ਰਸਨਾ, ਲੋਇਣ, ਅਗੰਮੀ ਦ੍ਰਿਸ਼ ਵਿਖੇ ਓਤ ਪੋਤ ਲਪਟਾਏ ਰਹੇ ਸਨ। ਅਜ ਗੁਰੂ ਵਰੋਸਾਏ ਗੁਰਦੀਪ ਸਿੰਘ ਦੀਆਂ ਚਿਰੋਕਣੀਆਂ ਚਿਰ-ਜੀਵਨੀਆਂ ਆਸਾਂ ਪੂਰੀਆਂ ਹੋ ਗਈਆਂ। ਰੋਮ ਰੋਮ ਰੱਬੀ ਸ਼ੁਕਰਾਨੇ ਵਿਚ ਭਿਜਿਆ ਕਰਤਾਰ ਕਰਤਾਰ ਹੀ ਪੁਕਾਰ ਰਿਹਾ ਹੈ। ਜਿਉਂ ਜਿਉਂ ਇਹ ਟੇਰ-ਪੁਕਾਰ ਵਧਦੀ ਜਾਂਦੀ ਹੈ, ਤਿਉਂ ਤਿਉਂ ਹੋਰ ਤੋਂ ਹੋਰ ਵਧੇਰੇ ਚੋਜ ਬਿਨੋਦੀ ਰੰਗੀਸ਼ਰੀ



www.AKJ.Org

ਜਲਵੇ, ਇਕ ਅਤਿਅੰਤ ਅਕਹਿ ਰਬੀ ਜਮਾਲ ਅਤੇ ਜਲਾਲ ਵਿਚ ਚੇਹਰੇ ਤੇ ਚੜ੍ਹ ਰਹੇ ਹਨ । ਉਹ ਨਜ਼ਾਰਾ ਵੇਖਣ ਯੋਗ ਹੀ ਸੀ। ਜਿਸ ਜਿਸ ਨੇ ਭੀ ਨਵ ਜੋਬਨੇ ਗੁਰਦੀਪ ਸਿੰਘ ਨੂੰ ਇਨ੍ਹਾਂ ਰੰਗਾਂ ਵਿਚ ਦੇਖਿਆ, ਉਸਦੇ ਉਪਰ ਦੇਖਨਸਾਰ ਹੀ ਅਦਿਭੁਤ ਵਿਸਮਾਦ ਰੰਗ ਤਾਰੀ ਹੋ ਗਿਆ। ਅਤਿਅੰਤ ਚੋਜ ਵਿਲਖਣੀ ਵਾਰਤਾ ਉਸ ਸਮੇਂ ਇਹ ਹੋਈ ਜੋ ਦੇਖਣ ਵਿਚ ਨਹੀਂ ਆਈ ਕਿ ਵੀਰ ਗੁਰਦੀਪ ਸਿੰਘ ਜੀ ਦੀ ਭੈਣ ਨੰਦ ਕੌਰ ਦੇ ਬਾਹਰ ਬਰਾਂਡੇ ਵਿਚ ਬੈਠੀ ਹੀ ਦੇ ਨੈਣ ਜੁੜ ਗਏ ਅਤੇ ਆਪਣੇ ਆਪ ਹੀ ਨਾਮ ਦਾ ਖੰਡਾ ਖੜਕਣ ਲਗ ਪਿਆ ਅਤੇ ਪੁਜ ਕੇ ਪੂਜਯ ਪਿਆਰ ਦੇ ਕੇਂਦਰ ਵੀਰ ਗੁਰਦੀਪ ਸਿੰਘ ਦੀਆਂ ਅੰਦਰ ਅੰਮ੍ਰਿਤ-ਮੰਡਲ ਵਿਚ ਬੈਠਿਆਂ ਹੀ ਵਾਇਰਲੈਸ ਤਾਰਾਂ ਵੀ ਨੰਦ ਕੌਰ ਦੀ ਨਿਮਾਨੜੀ ਜਿੰਦੜੀ ਅੰਦਰ ਫਿਰ ਗਈਆਂ । ਅੰਮ੍ਰਿਤ-ਮੰਡਲੀ-ਖੰਡ ਅੰਦਰਲਾ ਸਾਰਾ ਸਿੰਚਾਰ-ਸਮਾਗਮ ਗੁਪਤੋ ਗੁਪਤੀ ਅੰਤ੍ਰਿੰਗ ਵਿਚ ਹੀ ਚਲੇ ਆਉਣ ਦੀ ਮਰਯਾਦਾ ਵਾਲਾ ਧੁਰਵਾ ਮੁਢੋਂ ਹੀ ਬਝਿਆ ਆਇਆ ਹੈ। ਕੇਵਲ ਅੰਮ੍ਰਿਤ ਅਧਿਕਾਰੀ ਸਜਣ ਹੀ ਉਸ ਮੰਡਲ ਅੰਦਰ ਜਾ ਸਕਦੇ ਹਨ। ਅੰਮ੍ਰਿਤ-ਸਿੰਚਾਰੀ ਪੰਜਾਂ ਪਿਆਰਿਆਂ ਦੇ ਅੰਦਰ ਇਕ-ਦਮ ਇਸ ਇਕੋ ਉਮਾਹੇ ਦੀ ਤਾਰ ਫਿਰ ਗਈ ਕਿ ਇਸ ਨਵ-ਜਨਮੇ ਵੀਰ ਗੁਰਦੀਪ ਸਿੰਘ ਦਾ ਨੌਬਹਾਰੀ ਦਰਸ਼ਨ ਬਾਹਰੋਂ ਹੀ ਬਾਰੀਆਂ ਦੇ ਸ਼ੀਸ਼ੇ ਵਿਚ ਦੀ ਉਸ ਦੀ ਨੀਮ ਮਤਵਾਲੀ ਭੈਣ ਨੰਦ ਕੌਰ ਨੂੰ ਦਿਖਾਇਆ ਜਾਵੇ। ਬਸ, ਦਿਖਾਵਣ ਦੀ ਦੇਰ ਹੀ ਸੀ ਕਿ ਦੇਖਣਸਾਰ ਬਿਸਮਲ ਬਿਸਮਾਦੀ ਅਰਸ਼-ਕੁਰਸ਼ਾਂ ਵਾਲੇ ਦਿਬ ਦੀਦਾਰਿਆਂ ਨੂੰ ਨਾ ਸਹਾਰਦੀ ਹੋਈ ਗ਼ਸ਼ ਖਾ ਕੇ ਡਿਗ ਪਈ। ਬੀਬੀ ਨੰਦ ਕੌਰ ਧੜੰਮ ਕਰਕੇ ਧਰਤੀ ਤੇ ਜਾ ਡਿਗੀ ਤੇ ਡਿਗਣ ਸਾਰ ਬੇਹੋਸ਼ ਹੋ ਗਈ। ਘੰਟਿਆਂ ਬੱਧੀ ਉਸ ਨੂੰ ਹੋਸ਼ ਨ ਰਹੀ। ਆਖਰ ਉਸਨੂੰ ਤਾਂ ਹੋਸ਼ ਆ ਗਈ, ਪਰ ਅੰਦਰ ਬੈਠੇ ਵੀਰ ਗੁਰਦੀਪ ਸਿੰਘ ਦੀ ਸਮਾਧੀ ਓਵੇਂ ਜਿਵੇਂ ਹੀ ਜੁੜੀ ਰਹੀ। ਅੰਮ੍ਰਿਤ-ਸਿੰਚਾਰ ਸਮਾਗਮ ਵੀ ਚਿਰੋਕਣਾ ਸਮਾਪਤ ਹੋ ਚੁਕਾ ਸੀ । ਨਵੀਨ ਅੰਮ੍ਰਿਤ-ਧਾਰੀ ਸਾਰੀਆਂ ਰੂਹੜੀਆਂ ਜਿਨ੍ਹਾਂ ਦੇ ਨਾਲ ਹੀ ਇਸ ਵੀਰੜੇ ਗੁਰਦੀਪ ਸਿੰਘ ਨੇ ਅੰਮ੍ਰਿਤ ਛਕਿਆ ਸੀ, ਸਾਵਧਾਨ ਹੋ ਕੇ ਉਸ ਮੰਡਲ ਵਿਚੋਂ ਉਠ ਪਧਾਰੀਆਂ। ਅੰਮ੍ਰਿਤ ਛਕਾਉਣ ਵਾਲੇ ਪੰਜਾਂ ਪਿਆਰਿਆਂ ਨੇ ਵੀ ਇਹੋ ਵਿਚਾਰਿਆ ਕਿ ਉਸ ਰੰਗ ਰੰਗੀਲੜੇ ਪਿਆਰੜੇ ਨੂੰ ਏਹਨਾਂ ਰੰਗਾਂ ਵਿਚ ਹੀ ਇਕਾਂਤ ਬੈਠੇ ਰਹਿਣ ਦਿਤਾ ਜਾਵੇ ਅਤੇ ਖੁਲ੍ਹੇ ਆਤਮ-ਔਜੀ ਰੰਗ ਮਾਨਣ ਦਿਤੇ ਜਾਵਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਸਨਮੁਖ ਹੀ ਇਹ ਸਮਾਧੀ ਲਗੀ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜਿਆ ਹੋਇਆ ਗ੍ਰੰਥੀ ਅਦਲਾ ਬਦਲੀ ਕਰਦਾ ਰਿਹਾ। ਕਦੇ ਕੋਈ ਗ੍ਰੰਥੀ ਸਿੰਘ ਤਾਬਿਆ ਆ ਬੈਠੇ, ਕਦੇ ਹੋਰ ਦੂਜਾ ਗੁਰਮੁਖ ਸਿੰਘ ਆਇ ਬਦਲੀ ਕਰੇ। ਪਰੰਤੂ ਇਕੋ ਬੈਠਣੀ ਬੈਠੇ ਵੀਰ ਗੁਰਦੀਪ ਸਿੰਘ ਜੀ ਦੀ ਨਾ ਹੀ ਸਮਾਧੀ ਖੁਲ੍ਹੀ, ਨਾ ਹੀ ਅੰਗ ਹਿਲੇ, ਨਾ ਹੀ ਅਖੀਆਂ ਫੜਕੀਆਂ, ਨਾ ਹੀ ਝਮਣੀਆਂ ਝਮਕੀਆਂ । ਵਾਹ! ਵਾਹ! ਖ਼ੂਬ ਗਟਾਕ ਰਸ ਭੁੰਚਣੇ ਭੁੰਚੇ। ਚਿਰਾਂ ਦੇ ਪਿਆਸੇ ਵੀਰ ਗੁਰਦੀਪ ਸਿੰਘ ਜੀ ਦੇ ਬਾਹਰਲੀਆਂ ਸੰਗਤਾਂ ਇਹ ਦੀਦਾਰੇ ਦੇਖਣ ਲਈ ਬੇਹਬਲ ਹੋ ਰਹੀਆਂ ਸਨ, ਤਾਂ ਇਸ ਦਾਸਰੇ ਨੂੰ ਸੰਗਤਾਂ ਵਲੋਂ ਹੁਕਮ ਹੋਇਆ, ਕਿਵੇਂ ਨ ਕਿਵੇਂ ਇਸ ਰਸ-ਸਥਿਤ-ਸਮਾਧੀ ਤੋਂ ਸਾਵਧਾਨ ਕਰਾ ਕੇ ਵੀਰ ਗੁਰਦੀਪ ਸਿੰਘ ਨੂੰ ਬਾਹਰ ਲਿਆ ਕੇ ਸੰਗਤਾਂ ਨੂੰ ਦੀਦਾਰੇ ਕਰਾਏ ਜਾਣ। ਦਾਸ ਹੁਕਮ ਮੰਨ ਕੇ ਅੰਦਰ ਗਿਆ, ਕਲੇਜੇ ਨੂੰ ਸੰਭਾਲ ਕੇ, ਅਜਰ ਜੀਰਾਨੀ ਜੀਰਾਂਦ ਨੂੰ ਜਰ ਕੇ ਆਤਮ ਕੇਲਾਂ ਜਾ ਖੇਲੀਆਂ। ਵੀਰ ਗੁਰਦੀਪ ਸਿੰਘ ਜੀ ਦੀ ਸਮਾਧ-ਸਥਿਤ ਮੂਰਤੀ ਨੂੰ ਪ੍ਰੇਮ-ਹੁਲਾਰਿਆਂ ਸੇਤੀ ਜਾਇ ਹਲੂਣਿਆ। ਗੱਲ ਕੀ, ਉਸੇ ਤਰ੍ਹਾਂ ਚੜ੍ਹੀ ਹੋਈ ਪ੍ਰੇਮ ਖੁਮਾਰੀ ਵਿਚ ਲਟਕੌਰ ਲੈਂਦੇ ਵੀਰ ਗੁਰਦੀਪ ਸਿੰਘ ਜੀ ਨੂੰ ਮਸੀਂ ਮਸੀਂ ਮੋਢੇ ਲਾ ਤੇ ਦਾਸ ਬਾਹਰ ਸੰਗਤਾਂ ਵਿਚ ਲੈ ਆਇਆ। ਸੰਗਤਾਂ ਨੇ ਚਰਨ ਸ਼ਰਨੀ ਘੁਮ-ਘੋਲਨੀ ਵਾਰਨੜੇ ਬਲਿਹਾਰਨੜੇ ਪ੍ਰਕਰਮੜੇ ਵੀਰ ਪ੍ਰੇਮੀ ਦੇ ਬਾਰੰਬਾਰ ਕੀਤੇ। ਮਗਨ ਮਗਨਸਟ ਪ੍ਰੇਮ ਮਗਨਸਟ ਬਿਰਤੀਆਂ ਖੁਲ੍ਹੀਆਂ, ਸੁਰਤੀਆਂ



www.AKJ.Org

ਸਾਵਧਾਨ ਹੋਈਆਂ । ਬੁਲ੍ਹੀਆਂ ਖੁਲ੍ਹੀਆਂ, ਇਲਾਹੀ ਨਾਦ ਦੀਆਂ ਕੀਰਤਨ–ਗੂੰਜਾਂ ਗੂੰਜਣ ਲਗ ਪਈਆਂ । ਪਤਾ ਨਹੀਂ ਕਿਤਨਾ ਚਿਰ ਕੀਰਤਨ-ਅਖਾੜੇ ਜੁੜੇ ਰਹੇ । ਇਹ ਵੀ ਪਤਾ ਨਹੀਂ ਕਿਤਨੇ ਚਿਰਾਕੇ ਦਿਨਾਂ ਪਿਛੋਂ ਆਪਣੇ ਸੰਸਾਰਕ ਪ੍ਰਵਾਰ ਵਿਚ ਵੀਰ ਗੁਰਦੀਪ ਸਿੰਘ ਦਾ ਮੁੜ ਜੁੜਨਾ ਹੋਇਆ । ਵੀਰ ਗੁਰਦੀਪ ਸਿੰਘ ਜੀ ਦੀ ਧਰਮ ਪਤਨੀ ਨੇ ਉਨ੍ਹਾਂ ਦੇ ਨਾਲ ਹੀ ਅੰਮ੍ਰਿਤ ਛਕਿਆ । ਇਹ ਜੋੜੀ ਤਿਆਰ ਬਰ ਤਿਆਰ ਹੋ ਕੇ ਫਿਰ ਬਰਮਾ ਨੂੰ ਪਧਾਰੀ । ਵੀਰ ਗੁਰਦੀਪ ਸਿੰਘ ਜੀ ਬਰਮਾ ਨੂੰ ਹੀ ਪਧਾਰੇ, ਬਰਮਾ ਜਾਇ ਪਧਾਰਨ ਸਾਰ ਹੀ ਜਗਮਗੀ ਜੋਤਾਂ ਦੀ ਘਣ ਪਹਿਲੇ ਰੰਗੂਨ ਤੇ ਫੇਰ ਹੋਰ ਸ਼ਹਿਰਾਂ ਦੀ ਸੰਗਤ ਵਿਚ ਜਾ ਚੜ੍ਹੀ । ਏਸ ਵੀਰ ਦੇ ਸਤਿਸੰਗ ਪ੍ਰਭਾਵ ਨਾਲ ਬਰਮਾ ਅੰਦਰ ਕੀਰਤਨੀ ਸਤਿਸੰਗ ਮੰਡਲ ਦਾ ਜਥਾ ਚੜ੍ਹਦੀ ਕਲਾ ਵਿਚ ਸੁਰਜੀਤ ਹੋ ਗਿਆ । ਵੀਰ ਗੁਰਦੀਪ ਸਿੰਘ ਜੀ ਦੀ ਇਸ ਚਲੂਲੇ ਰੰਗਾਂ ਵਾਲੀ ਦਸ਼ਾ ਨੂੰ ਦੇਖ ਕੇ ਤੇ ਅਨੇਕਾਂ ਰੂਹੜੀਆਂ ਅੰਦਰ ਇਹ ਚਾਉ ਉਪਜਿਆ, ਕਿ ਏਹਨਾਂ ਰੰਗਾਂ ਵਿਚ ਜਾ ਖੇਡੀਏ । ਕਈ ਚਾਏ ਚਾਈਏ ਜੀਅੜੇ ਜੋਤਿ ਰੰਗੀ ਛੁਹਾਏ ਪਾ ਕੇ ਉਨ੍ਹਾਂ ਹੀ ਰੰਗਾਂ ਵਿਚ ਜਾਗ ਉਠੇ ।

ਜਿਨ੍ਹਾਂ ਜਿਨ੍ਹਾਂ ਬਰਮਾ ਨਿਵਾਸੀ ਵੀਰਾਂ ਨੇ ਵੀਰ ਗੁਰਦੀਪ ਸਿੰਘ ਜੀ ਦਾ ਨੰਦ ਸਿੰਘੀ ਹੀ ਰੰਗ ਢੰਗ ਦੇਖਿਆ ਸੀ, ਉਹ ਤਾਂ ਇਸ ਜ਼ਿੰਦਗੀ ਦੇ ਨਵੇਂ ਪਲਟੇ ਨੂੰ ਦੇਖਣ ਸਾਰ ਹੀ ਦੰਗ ਰਹਿ ਗਏ । ਬਰਮਾ ਦੀ ਸਿਖੀ ਸਿਦਕ ਵਾਲੀ ਸਿਖ ਪਨੀਰੀ ਅੰਦਰ ਤਾਂ ਉਹ ਜੋਤਿ ਜਾ ਜਗਾਈ, ਖ਼ਾਸ ਕਰ ਪੈਬੋਈ ਦੀ ਸੰਗਤ ਅੰਦਰ ਉਹ ਸਤਿਸੰਗ ਰੰਗੀ ਆਤਮ-ਕਲਾ ਵਰਤੀ ਕਿ ਪੈਬੋਈ ਦਾ ਖਿਤਾ ਇਕ ਸਤਿਸੰਗ ਅਖਾੜਾ ਬਣ ਗਿਆ । ਕਈ ਸਾਲਾਂ ਪਿਛੋਂ ਬਰਮਾ ਤੋਂ ਕਿਸੇ ਕਾਰਣ ਵਾਪਸ ਪੰਜਾਬ ਆਏ । ਗੁਜਰਵਾਲ ਦੇ ਡਾਕਟਰ ਰਣਧੀਰ ਸਿੰਘ ਦਾ ਆਪਣੀ ਜ਼ਬਾਨੀ ਇਹ ਕਥਨ ਹੈ "ਕਿ ਬਰਮਾ ਅੰਦਰ ਤਾਂ ਸਚਮੁਚ ਇਕ ਬੈਕੁੰਠ-ਧਾਮੀ ਅਖਾੜਾ ਬਣਿਆ ਹੋਇਆ ਹੈ, ਓਹ ਹੈ ਪੈਬੋਈ ਦਾ ਖਿਤਾ । ਉਸ ਦਾ ਰੋਚਕ ਚਮਤਕਾਰ ਅਸਾਡੇ ਰੰਗੂਨ ਵਿਚ ਵੀ ਆਇ ਪਿਆ ਹੈ । ਚਾਹੇ ਮੈਂ (ਉਸ ਡਾਕਟਰ ਰਣਧੀਰ ਸਿੰਘ ਨੇ ਆਖਿਆ) ਉਕਾ ਹੀ ਮਾਇਆ ਮਨੂਰ ਹੋਇਆ ਵਿਆ, ਪ੍ਰਮਾਰਥ ਦੇ ਪਾਸੇ ਵਲੋਂ ਇਕ ਕੋਰੜੂ ਮੋਠ ਹੀ ਹਾਂ, ਪਰ ਮੇਰੇ ਵਿਚ ਇਤਨਾ ਅਹਿਸਾਸ ਬਾਕੀ ਹੈ ਕਿ ਗੁਰਮਤਿ ਦੇ ਤਤਿ ਪ੍ਰਮ ਰਥ ਨੂੰ ਜਾਂਚ ਸਕਾਂ", ਫਿਰ ਮੇਰੇ ਸਨਮੁਖ ਹੋ ਕੇ ਆਖਣ ਲਗਾ— ਮੈਂ ਆਪ ਦਾ ਹੀ ਸਮ-ਨਾਮੀ ਵੀਰ ਹਾਂ । ਮੇਰਾ ਨਾਮ ਭੀ ਰਣਧੀਰ ਸਿੰਘ ਹੈ ਅਤੇ ਆਪ ਦਾ ਵੀ ਇਹੋ ਨਾਮ ਹੈ ਪਰ ਜਿਵੇਂ ਪ੍ਰਮਾਰਥ ਦੇ ਰੂਹਾਨੀ ਪਾਸੇ ਵਲ ਆਪ ਜੀ ਨੇ ਤਰੱਕੀ ਕੀਤੀ ਹੈ ਉਵੇਂ ਜਿਵੇਂ ਹੀ ਬਲਕਿ ਓਦੂ ਵਧ ਪੰਥਕ ਉਪਕਾਰ ਦੇ ਪਾਸੇ ਵਲ ਜੋ ਮੈਂ ਤਰੱਕੀ ਕੀਤੀ ਹੈ ਉਹ ਵੀ ਹਦ ਨੂੰ ਪਹੁੰਚ ਗਈ ਹੈ । ਇਨ੍ਹਾਂ ਦੀ ਸਮਸਰਤਾ ਹੁੰਦਿਆਂ ਭੀ ਮੈਂ ਰੂਹਾਨੀ ਪਾਸੇ ਵਲੋਂ ਉਕਾ ਹੀ ਸੁੰਞਾ ਹਾਂ । ਇਹ ਗੁਰੂ ਦੀ ਕਿਰਪਾ ਹੈ ਕਿ ਮੇਰੇ ਅੰਦਰ ਪੰਥ ਦੇ ਨਕਦੋ ਨਕਦੀ ਸਚੇ ਹੀਰੇ ਪਛਾਨਣ ਦੀ ਕਾਬਲੀਅਤ ਬਾਕੀ ਹੈ । ਸਾਡੇ ਰੰਗੂਨ ਅੰਦਰ ਆਪ ਦੀ ਸਰੇਣੀ ਦੇ ਹੀਰੇ ਵੀਰ ਵਿਸਾਖਾ ਸਿੰਘ ਅਤੇ ਵੀਰ ਅਮਰ ਸਿੰਘ (ਪੂਰਨ ਸਿੰਘ, ਐਸੇ ਦਮਕ ਰਹੇ ਹਨ ਕਿ ਜਿਨ੍ਹਾਂ ਦੇ ਅਗੇ ਅਖੀਆਂ ਨੀਵੀਆਂ ਹੋ ਜਾਂਦੀਆਂ ਹਨ । ਸੰਸਾਰ ਕਰਕੇ ਚਾਹੇ ਉਹ ਗਰੀਬ ਤਬਕੇ ਵਿਚੋਂ ਹੀ ਹਨ, ਪਰ ਉਨ੍ਹਾਂ ਦੀ ਅੰਦਰੂਨੀ ਜ਼ਿੰਦਗੀ ਦੀ ਕਦਰੋ ਕੀਮਤ ਪਛਾਨਣ ਵਾਲਾ ਮੇਰੇ ਸਾਰਖਾ ਜੌਹਰੀ ਵੀਰ ਅਜ ਆਪ ਦੇ ਮੌਜੂਦ ਹੈ । ਮੈਂ ਆਪ ਨੂੰ ਫਿਰ ਦੁਬਾਰਾ ਕਹਾਂਗਾ ਕਿ ਇਹ ਸਾਰਾ ਪ੍ਰਤਾਪ ਇਥੋਂ ਹੀ ਆਤਮ ਰੰਗਾਂ ਵਿਚ ਰੰਗੇ ਹੋਏ ਡਾਕਟਰ ਗੁਰਦੀਪ ਸਿੰਘ ਜੀ ਦੇ ਬਰਮਾ ਵਿਚ ਜਾਣ ਦਾ ਹੈ ।

ਡਾਕਟਰ ਗੁਰਦੀਪ ਸਿੰਘ ਜੀ ਦੇ ਡਾਕਟਰੀ ਉਪਕਾਰ ਵੀ ਬੜੇ ਅਲੌਕਿਕ ਹਨ । ਡਾਕਟਰ ਗੁਰਦੀਪ ਸਿੰਘ ਜੀ ਦੇ ਸੁਭਾਉ ਦੀ ਮੁਲਾਇਮਤ ਐਸੀ ਸੀ ਕਿ ਜਿਸ ਭੀ ਮਰੀਜ਼ ਨਾਲ ਉਨ੍ਹਾਂ ਨੇ ਬਚਨ ਬਿਲਾਸ ਕੀਤੇ, ਉਸ ਦਾ ਅੱਧਾ ਮਰਜ਼ ਤਾਂ ਬਚਨ ਬਿਲਾਸ ਦੀ ਮੌਜ ਦੇ ਨਾਲ ਹੀ ਦੂਰ ਹੋ ਗਿਆ । ਅਤਿ ਗਰੀਬਾਂ ਤੇ ਨਾਚੀਜ਼ ਅਛੂਤ ਸਰੇਣੀਆਂ ਦੇ ਘਰਾਂ ਅੰਦਰ ਜੋ ਜੋ ਮਰੀਜ਼ ਇਸ ਪਿਆਰੇ ਡਾਕਟਰ ਗੁਰਦੀਪ ਸਿੰਘ ਜੀ ਨੇ ਪੇਖੇ



www.AKJ.Org

ਸੁਣ, ਉਹਨਾਂ ਦੀ ਘਰ ਘਰ ਜਾਕੇ ਰਾਤੇ ਬਰਾਤੇ ਦਵਾਈ ਕੀਤੀ, ਪਲਿਓਂ ਖ਼ਰਚ ਕੀਤਾ ਤੇ ਸਭ ਦੀ ਢਾਰਸ ਬੰਨ੍ਹਾਈ। ਸਭਨਾਂ ਦੇ ਅੰਦਰ ਨਵੀਂ ਜ਼ਿੰਦਗੀ ਲਿਆਂਦੀ। ਕੋਈ ਮਰੀਜ਼ ਕਿਸੇ ਸਰੇਣੀ ਦਾ ਚਾਹੇ ਅਧੀ ਰਾਤੀਂ ਜਾ ਕੇ ਸੁਨੇਹਾ ਪਹੁੰਚਾਇ ਕਿ ਡਾਕਟਰ ਗੁਰਦੀਪ ਸਿੰਘ ਜੀ ਨੂੰ ਖ਼ਬਰ ਕਰ ਦੇਵੇ। ਉਨ੍ਹਾਂ ਨੇ ਉਸੇ ਵੇਲੇ ਚਲ ਕੇ ਉਸ ਘਰ ਆਉਣਾ, ਕੋਈ ਫੀਸ ਨਹੀਂ ਲੈਣੀ, ਹੋਰ ਡਾਕਟਰਾਂ ਦੀ ਰੀਸ ਦੀ ਘੜੀਸ ਨਹੀਂ ਕਰਨੀ। ਮਰੀਜ਼ਾਂ ਪਾਸ ਆਇ ਕੇ ਪਰਲੇ ਦਰਜੇ ਦੇ ਮਿਠ-ਬੋਲੜੇ ਹੋ ਕੇ ਪੇਸ਼ ਆਉਣਾ, ਫੇਰ ਕਈ ਕਈ ਫੇਰੇ ਪਾਉਣੇ। ਜਦ ਤਾਈਂ ਬੀਮਾਰ ਰਾਜ਼ੀ ਨ ਹੋ ਜਾਵੇ, ਤਦ ਤਾਈਂ ਫੇਰੇ ਪਾਉਂਦੇ ਹੀ ਰਹਿਣਾ।

ਡਾ: ਗੁਰਦੀਪ ਸਿੰਘ ਜੀ ਦੇ ਮਰੀਜ਼ਾਂ ਦੇ ਨਾਲ ਜਿਗਰੀ ਹਮਦਰਦੀ ਪੂਰਤ ਵਰਤਾਓ ਦਾ ਸਿੱਕਾ ਆਮ ਤੌਰ ਤੇ ਮੰਨਿਆ ਪ੍ਰਮੰਨਿਆ ਹੋਇਆ ਸੀ ਕਿ ਜਿਸ ਮਰੀਜ਼ ਨੂੰ ਡਾਕਟਰ ਗੁਰਦੀਪ ਸਿੰਘ ਜੀ ਹਥ ਪਾਉਂਦੇ ਹਨ, ਉਸ ਦੀ ਸ਼ਫਾ ਸ਼ਰਤੀਆ ਹੁੰਦੀ ਹੈ। ਬਰਮਾ ਤੋਂ ਡਾਕਟਰੀ ਦੀ ਜ਼ਿੰਮੇਵਾਰੀ ਪੋਸਟ ਛਡ ਕੇ ਅਤੇ ਸਰਕਾਰੀ ਮੁਲਾਜ਼ਮ ਹੋਣ ਨੂੰ ਮਹਿਜ਼ ਗੁਲਾਮੀ ਗਰਦਾਨ ਕੇ, ਨਾਰੰਗਵਾਲ, ਗੁਜਰਵਾਲ ਟਿਕ ਕੇ ਉਦਾਲੇ ਦੇ ਪਿੰਡਾਂ ਦੇ ਸਾਰਿਆਂ ਮਰੀਜ਼ਾਂ ਦੀ ਸੇਵਾ ਸਿਰ ਤੇ ਚੁਕ ਲਈ, ਨਿਸ਼ਕਾਮ ਸੇਵਾ ਕਰਨੀ ਅਰੰਭੀ। ਗਰੀਬਾਂ ਤੋਂ ਦਵਾਈ ਦੀ ਭੀ ਕੀਮਤ ਨਹੀਂ ਲੈਂਦੇ ਸਨ। ਸਗੋਂ ਪਲਿਓਂ ਦੇ ਕੇ ਦਵਾ ਦਾਰੂ ਕਰਦੇ ਸਨ। ਅਮੀਰ ਤਬਕੇ ਪਾਸੋਂ ਭੀ ਕਦੇ ਫ਼ੀਸ ਨਹੀਂ ਮੰਗੀ। ਬੜੇ ਹਸਮੁਖ ਹੋ ਕੇ ਉਨ੍ਹਾਂ ਦੇ ਸਦੇ ਬੁਲਾਏ ਹੋਏ ਘਰ ਚਲੇ ਜਾਣਾ, ਰਾਤ ਹੋਵੇ, ਚਾਹੇ ਦਿਨ ਹੋਵੇ, ਚਾਹੇ ਬਾਰਸ਼ ਮੂਸਲਾਧਾਰ ਪੈਂਦੀ ਹੋਵੇ, ਭਾਵੇਂ ਅੰਧੇਰੀ ਵਗਦੀ ਹੋਵੇ, ਜਾਣੋਂ ਕਦੇ ਨਹੀਂ ਟਲਣਾ। ਜਿਸ ਨਿਸ਼ਕਾਮ ਸ਼ਫਾਤ ਦਾ ਸਿਟਾ ਇਹ ਹੁੰਦਾ ਸੀ ਕਿ ਇਨ੍ਹਾਂ ਦਾ ਇਲਾਜ ਹਮੇਸ਼ਾ ਹੀ ਕਾਮਯਾਬ ਰਹਿੰਦਾ ਸੀ। ਗਰੀਬਾਂ ਨੂੰ ਤਾਂ ਆਪਣੇ ਪਲਿਓਂ ਦਵਾਈ ਦੇਂਦੇ ਸਨ। ਅਮੀਰਾਂ ਪਾਸੋਂ ਦਵਾਈ ਦੇਣ ਦਾ ਮੁਲ ਜਾਇਜ਼ ਵਸੂਲ ਕਰਦੇ ਸੀ। ਪਰ ਏਨ੍ਹਾਂ ਪਿੰਡਾਂ ਦੇ ਸਰਦੇ ਪੁਜਦੇ ਘਰਾਣੇ ਵੀ ਕਦੇ ਦਵਾਈ ਦਾ ਮੁਲ ਨਹੀਂ ਦੇਂਦੇ ਸਨ, ਉਧਾਰ ਰਕਮ ਲਿਖਾ ਆਉਂਦੇ ਸਨ। ਉਧਾਰ ਭੀ ਕਦੇ ਕਿਸੇ ਨੇ ਨਹੀਂ ਦਿਤਾ। ਏਹਨਾਂ ਪਿੰਡਾਂ ਦੇ ਪਰਾਈਵੇਟ ਪਰੈਕਟਿਸ ਕਰਨ ਵਾਲੇ ਅਨੇਕਾਂ ਡਾਕਟਰਾਂ, ਵੈਦਾਂ ਦਾ ਕੁਛ ਨਹੀਂ ਵਟੀਂਦਾ ਸੀ। ਪਰ ਇਸ ਇਕੋ ਇਕ ਯਕਤਾ ਡਾਕਟਰ ਗੁਰਦੀਪ ਸਿੰਘ ਦੇ ਇਸ ਉਪਕਾਰ ਭਰੇ ਵਰਤਾਉ ਦਾ ਇਹ ਫਲ ਨਿਕਲਿਆ, ਕਿ ਕਿਸੇ ਨੇ ਕਦਰ ਨ ਪਾਈ। ਕੋਲ ਹੁੰਦੀ ਪੂੰਜੀ ਸਭ ਸਮੇਟੀ ਗਈ, ਖਰੀਦਣ ਜੋਗੀ ਨਗਦੀ ਵੀ ਪਾਸ ਨਾ ਰਹੀ। ਇਹ ਦੇਖ ਕੇ ਅਤੇ ਵਿਚਾਰ ਕੇ ਇਨ੍ਹਾਂ ਦੇ ਪਿਤਾ ਸਲੋਤਰੀ ਆਸਾ ਸਿੰਘ (ਚਰਨ ਸਿੰਘ) ਨੇ ਮੁੜ ਡਾ: ਗੁਰਦੀਪ ਸਿੰਘ ਜੀ ਨੂੰ ਬਰਮਾ ਵਿਚ ਹੀ ਬੁਲਾ ਲਿਆ। ਇਨ੍ਹਾਂ ਦੇ ਪਿਤਾ ਦਾ ਬਰਮਾ ਗੌਰਮਿੰਟ ਦੇ ਆਫ਼ੀਸਰ ਨਾਲ ਬੜਾ ਜ਼ਾਤੀ ਰਸੂਖ ਸੀ। ਇਨ੍ਹਾਂ (ਗੁਰਦੀਪ ਸਿੰਘ) ਨੂੰ ਫੇਰ ਜ਼ੁਮੇਵਾਰੀ ਦੀ ਨੌਕਰੀ (ਡਾਕਟਰੀ ਦੀ) ਬਰਮਾ ਵਿਚ ਹੀ ਮਿਲ ਗਈ।

ਡਾ: ਗੁਰਦੀਪ ਸਿੰਘ ਜੀ ਜਿਥੇ ਵੀ ਰਹੇ ਓਥੇ ਹੀ ਏਨ੍ਹਾਂ ਨੇ ਗੁਰਸਿਖੀ ਸ਼ਾਨ ਵਾਲੀ ਫੁਲਵਾੜੀ ਦੀਆਂ ਮਹਿਕਾਂ ਮਹਿਕਾਈਆਂ। ਸਤਿਸੰਗ ਮੰਡਲ, ਕੀਰਤਨ ਮੰਡਲ ਕਾਇਮ ਕੀਤੇ। ਖ਼ੁਦ ਬੜੀ ਚੜ੍ਹਦੀ ਕਲਾ ਵਿਚ ਰਹੇ। ਆਪ ਬੜੀ ਦ੍ਰਿੜ੍ਹਤਾ ਸਹਿਤ ਗਰਮਤਿ ਮਾਰਗ ਪੁਰ ਚਲੇ ਤੇ ਅਨੇਕਾਂ ਜਗਿਆਸੂਆਂ ਪਾਂਧੂਆਂ ਨੂੰ ਇਸੇ ਸਚੇ ਮਾਰਗ ਪੁਰ ਚਲਾਇਆ। ਗ੍ਰਿਹਿਸਤ ਮਾਰਗ ਇਨ੍ਹਾਂ ਦਾ ਨਿਰਬਾਹ ਪੂਰਬਕ ਹੀ ਠਾਠਾ ਬਾਗਾ ਰਿਹਾ। ਪਿਤਾ ਪਿਤਾਮਾ ਸਾਰੇ ਖ਼ਾਨਦਾਨ ਦੇ ਪੂਜੇ ਆਗਿਆ-ਕਾਰੀ ਬਣ ਕੇ ਲਾਸਾਨੀ ਗੁਰਮਤਿ ਜੀਵਨ ਬਤੀਤ ਕੀਤਾ, ਪਰ ਕਈਆਂ ਕਾਰਨਾਂ ਕਰਕੇ ਡਾਕਟਰ ਗੁਰਦੀਪ ਸਿੰਘ ਜੀ ਨੂੰ ਪ੍ਰਲੋਕ ਪਧਾਰਨ ਦੀ ਬੜੀ ਹੀ ਛੇਤੀ ਪੈ ਗਈ। ਖ਼ੁਦ ਅਰਦਾਸਾ ਸੋਧ ਕੇ ਗੁਰਪੁਰ ਪਿਆਨੇ ਦੇ ਗੁਪਤੀ ਕਮਰਕਸੇ ਹੀ ਕਰ ਲਏ। ਬੇਦਾਗ ਅਤੇ ਬੇਲਾਗ ਜਲ ਕਮਲ ਵਤ ਅਲਿਪਤ ਜੀਵਨ ਗੁਰਮਤਿ ਗ੍ਰਿਹਿਸਤ ਅੰਦਰ ਹੀ ਰਹਿ ਕੇ ਬਤੀਤ ਕਰਦੇ ਹੋਏ ਛੋਟੀ ਉਮਰ ਵਿਚ ਹੀ ਬਰਮਾ ਦੇ ਇਕ ਇਕਲ-ਵੰਜੇ ਕੋਨੇ ਵਿਚ ਹੀ ਅੰਜ਼ਗੈਬੀ ਅਜ਼ਲ ਨੂੰ ਸੱਦਾ ਦੇ ਕੇ ਸਾਨੂੰ ਪਿਛੇ ਰਹਿ ਗਿਆਂ ਨੂੰ ਅਜ਼ਲੀ ਅਤੇ ਸਦੀਵੀ ਵਿਛੋੜਾ ਦੇ ਗਏ।



www.AKJ.Org

# ਡਾਕਟਰ ਗੁਰਦੀਪ ਸਿੰਘ ਜੀ ਦੇ ਅੰਤਮ ਸਮਾਚਾਰ

[ਵਲੋਂ :—ਡਾਕਟਰ ਦਲੀਪ ਸਿੰਘ ਜੀ ਕਲਕੱਤਾ]

ਦਾਸ ਦੀ ਵੀਰ ਗੁਰਦੀਪ ਸਿੰਘ ਜੀ ਨਾਲ ਗੂੜ੍ਹੀ ਮਿਤ੍ਰਤਾ ਜਵਾਨੀ ਤੋਂ ਹੀ ਸੀ। ਡਾਕਟਰੀ ਵਿਚ ਮੇਰੇ ਨਾਲੋਂ ਤਿੰਨ ਸਾਲ ਅੱਗੇ ਸਨ। ਉਨ੍ਹਾਂ ਦੀ ਜ਼ਿੰਦਗੀ ਅਤੇ ਸੰਗਤ ਦਾ ਮੇਰੇ ਆਪਣੇ ਜੀਵਨ ਤੇ ਬਹੁਤ ਪ੍ਰਭਾਵ ਰਿਹਾ ਹੈ। ਆਪ ਇਕ ਸੋਹਣੇ ਲੰਬੇ ਛਬੀਲੇ ਗੁਰਸਿਖ ਨੌਜਵਾਨ ਸਨ ਅਤੇ ਸੁਭਾਵ ਬੜਾ ਹੱਸਮੁਖਾ ਸੀ। ਜੋ ਭੀ ਸੰਗੀ ਮਿਲਦੇ, ਇਤਨਾ ਹਸਾਉਂਦੇ ਕਿ ਵੱਖੀ ਪੀੜਾਂ ਲਾ ਦੇਂਦੇ। ਆਤਮਿਕ ਅਵੱਸਥਾ ਬਾਰੇ ਜੋ ਕੁਝ ਭਾਈ ਸਾਹਿਬ ਜੀ ਲਿਖ ਗਏ, ਉਸ ਤੋਂ ਜ਼ਿਆਦਾ ਕੀ ਲਿਖ ਸਕਦੇ ਹਾਂ? ਦਾਸ ਨੂੰ ਯਾਦ ਹੈ ਕਈ ਸਾਧਾਂ ਦਾ ਦਾਸ ਨੂੰ ਭੀ ਚੇਲਾ ਬਣਨਾ ਪਿਆ, ਪਰ ਵੀਰ ਨੂੰ ਜਦ ਡੂੰਘਾਈ ਦਾ ਪਤਾ ਲੱਗਦਾ ਤਾਂ ਫੇਰ ਉਸ ਸਾਧ ਦਾ ਪਿਛਾ ਛੱਡ ਦੇਣਾ। ਆਤਮਿਕ ਖੋਜ ਦਾ ਮਨ ਅੰਦਰ ਸਦਾ ਉਤਸ਼ਾਹ ਰਹਿੰਦਾ। ਕਦੀ ਕਦੀ ਬੜੀ ਬਿਹਬਲਤਾ ਤੇ ਨਿਰਾਸਤਾ ਪ੍ਰਗਟ ਕਰਦੇ।

ਜਦ ਸਮਾਂ ਆਇਆ ਤਾਂ ਆਪ ਨੇ ਨਾਰੰਗਵਾਲ ਜਾ ਕੇ ਅਖੰਡ ਕੀਰਤਨਾਂ ਦੀ ਹਾਜ਼ਰੀ ਭਰੀ ਤੇ ਜਿਸ ਸਵਾਂਤੀ ਬੂੰਦ ਅੰਮ੍ਰਿਤ ਦੀ ਆਪ ਨੂੰ ਬਚਪਨ ਤੋਂ ਤਾਂਘ ਤੇ ਪਿਆਸ ਸੀ, ਪੰਜਾਂ ਪਿਆਰਿਆਂ ਤੋਂ ਪਾਈ। ਬਸ ਫੇਰ ਕੀ ਸੀ, ਜ਼ਿੰਦਗੀ ਹੋਰ ਦੀ ਹੋਰ ਹੋ ਗਈ।

ਆਪ ਅਗੇ ਨਾਲੋਂ ਭੀ ਮਿਠ-ਬੋਲੜੇ ਅਤੇ ਸਦਾ ਖੇੜੇ ਵਿਚ ਰਹਿੰਦੇ। ਦਾਸ ਨੂੰ ਯਾਦ ਹੈ ਜਦ ਕਦੇ ਉਹਨਾਂ ਪਾਸ ਰਾਤ ਰਹਿਣ ਦਾ ਮੌਕਾ ਮਿਲਦਾ ਤਾਂ ਆਪ ਸਾਰੀ ਸਾਰੀ ਰਾਤ ਸਿਮਰਨ-ਸਮਾਧੀ ਵਿਚ ਬਿਤਾ ਦੇਂਦੇ। ਸਰਵਿਸ ਕਰਦਿਆਂ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਉਤਸ਼ਾਹ ਦੇਂਦੇ ਰਹਿੰਦੇ। ਹੱਥ ਵਿਚ ਕੁਦਰਤ ਵਲੋਂ ਸ਼ਫਾ ਸੀ। ਆਪ ਜਦ ਭੀ ਬੱਚਿਆਂ ਦੇ ਵਾਰਡ ਦਾ ਦੌਰਾ ਕਰਦੇ ਤਾਂ ਬੱਚੇ ਆਪਦੇ ਆਲੇ ਦੁਆਲੇ ਇਕੱਠੇ ਹੋ ਜਾਂਦੇ। ਆਪ ਬੱਚਿਆਂ ਨੂੰ ਬੜਾ ਪਿਆਰ ਕਰਦੇ ਅਤੇ ਕਈ ਵਾਰੀ ਮੌਜ ਵਿਚ ਸਤਿਨਾਮ ਦੀ ਧੁਨੀ ਲਵਾਂਦੇ ਰਹਿੰਦੇ।

ਜਪਾਨ ਦੀ ਲੜਾਈ ਵੇਲੇ ਬਰਮਾ ਦੇ ਹਸਪਤਾਲਾਂ ਵਿਚ ਡਾਕਟਰਾਂ ਤੇ ਹੋਰ ਸਟਾਫ ਦੀ ਬਹੁਤ ਥੁੜ ਪ੍ਰਤੀਤ ਹੋਣ ਲੱਗ ਪਈ। ਵੀਰ ਗੁਰਦੀਪ ਸਿੰਘ ਉਸ ਵਕਤ ਸਦਰਨ (ਦਖਣੀ) ਸ਼ਾਨ ਸਟੇਟਸ ਦੇ ਰਾਜੇ ਪਾਸ (*Maukmai*) ਮੌਕਮਈ ਸ਼ਹਿਰ ਵਿਚ ਮੈਡੀਕਲ ਆਫੀਸਰ ਲੱਗੇ ਹੋਏ ਸਨ। ਰਿਆਸਤ ਦਾ ਰਾਜਾ ਆਪ ਦੀ ਬੜੀ ਕਦਰ ਕਰਦਾ ਸੀ ਅਤੇ ਕਈ ਘਰੋਗੀ ਮਾਮਲਿਆਂ ਵਿਚ ਭੀ ਆਪ ਨਾਲ ਸਲਾਹ ਮਸ਼ਵਰਾ ਕਰ ਲੈਂਦਾ ਸੀ। ਦਾਸ ਉਸ ਵਕਤ ਦੁਰੇਡੇ ਇਕ ਸ਼ਹਿਰ (*Hiho*) ਹੇਹੋ ਵਿਚ ਲੱਗਾ ਹੋਇਆ ਸੀ। ਏਸ ਇਲਾਕੇ ਵਲ ਜ਼ਿਆਦਾ ਬੰਬ-ਬਾਰੀ ਹੋਣ ਕਰਕੇ ਮੈਂ ਆਪਣਾ ਪਰਵਾਰ ਵੀਰ ਜੀ ਪਾਸ ਮੌਕਮਈ ਗੁਰਦੁਆਰੇ ਸਾਹਿਬ ਭੇਜ ਦਿਤਾ ਸੀ। ਅੰਤ ਸਮੇਂ ਤੋਂ ਇਕ ਮਹੀਨਾ ਪਹਿਲਾਂ ਜਦ ਮਿਲੇ ਤਾਂ ਮਿਤ੍ਰਤਾ ਦੀਆਂ ਬੜੀਆਂ ਗੂੜ੍ਹੀਆਂ ਗੱਲਾਂ ਕੀਤੀਆਂ। ਕਹਿਣ ਲੱਗੇ ਕਿ ਮਿਤ੍ਰਤਾ ਸਤਿਗੁਰੂ ਸੋਹਣੀ ਨਿਭਾਈ ਹੈ, ਪਰ ਹੁਣ ਉਮਰਾਂ ਲੰਮੜੀਆਂ ਨਹੀਂ ਹਨ। ਦਾਸ ਦੇ ਮੁੜ ਪੁਛਣ ਤੇ ਕਿ ਕਿਹੋ ਜਿਹੀਆਂ ਗੱਲਾਂ ਕਰਦੇ ਹੋ ਤਾਂ ਸਾਰੀ ਗੱਲ ਹਾਸੇ ਵਿਚ ਪਾ ਦਿਤੀ ਤੇ ਫੇਰ ਕੁਝ ਪਰਮਾਰਥ ਦੀਆਂ ਗੱਲਾਂ ਕਰਦੇ ਰਹੇ। ਵੀਰ ਗੁਰਦੀਪ ਸਿੰਘ ਦੀਆਂ ਪ੍ਰੇਮ-ਯਾਦਾਂ ਉਸ ਘੜੀ ਦੀਆਂ ਮੁੜ ਮੁੜ ਯਾਦ ਆਉਂਦੀਆਂ ਹਨ। ਹਸਪਤਾਲ ਤੋਂ ਥੋੜੀ ਹੀ ਦੂਰ ਤੇ ਉਹਨਾਂ ਦਾ ਬੰਗਲਾ ਸੀ, ਜੋ ਕਿ ਬਰਮਾ ਦੇਸ਼ ਦੇ ਰਿਵਾਜ ਮੁਤਾਬਕ ਲਕੜੀ ਦਾ ਸੀ, ਅਤੇ ਜ਼ਮੀਨ ਤੋਂ ਪੰਜ ਛੇ ਫੁਟ ਉਚਾ ਉਸਰਿਆ ਹੋਇਆ ਸੀ।

੯ ਅਪ੍ਰੈਲ ੧੯੪੨ ਦਾ ਦਿਨ ਸੀ। ਦਾਸ ਦੀ ਸੁਪੱਤਨੀ ਜੀ ਦਸਦੇ ਹਨ ਕਿ ਅੰਮ੍ਰਿਤ ਵੇਲੇ ਵੀਰ ਗੁਰਦੀਪ ਸਿੰਘ ਜੀ ਨੇ ਗੁਰਦੁਆਰੇ ਸਾਹਿਬ ਵਿਖੇ ਕੀਰਤਨ ਸ਼ੁਰੂ ਕੀਤਾ। ਉਸ ਦਿਨ ਡਾਕਟਰ ਸਾਹਿਬ ਕੁਝ ਉਚ ਤਰੰਗ ਦੀਆਂ ਉਡਾਰੀਆਂ ਲਾਉਂਦੇ ਮਗਨ ਹੁੰਦੇ ਜਾਂਦੇ। ਇਕ ਇਕ ਗੁਰਬਾਣੀ ਦੇ ਸ਼ਬਦ ਦੀ



www.AKJ.Org

ਤੁਕ ਨੂੰ ਕਈ ਵਾਰੀ ਦੂਹਰਾ ਦੂਹਰਾ ਕੇ ਰੱਸ ਮਾਣਦੇ। ਅਜ ਉਨ੍ਹਾਂ ਦਾ ਕੀਰਤਨ ਹੋਰਨਾਂ ਦਿਨਾਂ ਤੋਂ ਨਿਰਾਲਾ ਸੀ। ਬੈਰਾਗ ਤੇ ਬਿਹਬਲਤਾ ਦਾ ਕੋਈ ਹੱਦ ਬੰਨਾ ਨਹੀਂ ਸੀ। ਸਾਢੇ ਦਸ ਵਜੇ ਜਦ ਭੋਗ ਪਾ ਕੇ ਬਾਹਰ ਆਏ ਤਾਂ ਦਾਸ ਦੀ ਸਿੰਘਣੀ ਨੂੰ ਕਹਿਣ ਲਗੇ, "ਭੈਣ ਜੀ, ਅੱਜ ਉਚੀਆਂ ਅਗੰਮੀ ਉਡਾਰੀਆ ਲਾਉਣ ਨੂੰ ਜੀਅ ਕਰਦਾ ਹੈ।" ਉਸ ਤੋਂ ਬਾਅਦ ਆਪ ਹਸਪਤਾਲ ਡੀਊਟੀ ਤੇ ਚਲੇ ਗਏ। ਕੋਈ ਯਾਰ੍ਹਾਂ ਸਾਢੇ ਯਾਰ੍ਹਾਂ ਦਾ ਵਕਤ ਹੋਵੇਗਾ ਕਿ ਬਾਬੂ ਤੇਜ ਪਾਲ ਐਸ ਡੀ. ਓ. ਉਨ੍ਹਾਂ ਨੂੰ ਮਿਲਣ ਵਾਸਤੇ ਹਸਪਤਾਲ ਆਇਆ। ਇਹ ਵੀਰ ਭੀ ਡਾਕਟਰ ਸਾਹਿਬ ਦਾ ਬੜਾ ਚੰਗਾ ਮਿਤਰ ਸੀ ਅਤੇ ਆਪਸ ਵਿਚ ਪ੍ਰੇਮ ਪਿਆਰ ਸੀ। ਜਦ ਕਦੇ ਲੜਾਈਆਂ ਦੀਆਂ ਗੱਲਾਂ ਕਰਦੇ ਤਾਂ ਇਹ ਵੀਰ ਕੁਝ ਘਬਰਾਹਟ ਦਿਖਾਉਂਦਾ। ਕੰਨਾਂ ਕਰਕੇ ਇਹ ਕੁਝ ਉਚਾ ਸੁਣਦਾ ਸੀ। ਡਾਕਟਰ ਸਾਹਿਬ ਮਖ਼ੌਲ ਕਰਦੇ ਕਰਦੇ ਕਹਿ ਦੇਂਦੇ, "ਬੱਲਿਆ, ਘਬਰਾ ਨਹੀਂ, ਅਸੀਂ ਦੋਵੇਂ ਇਕੱਠੇ ਹੀ ਚਲਾਂਗੇ।" ਥੋੜੀ ਦੇਰ ਬਾਅਦ ਦੋਵੇਂ ਜਣੇ ਬਾਬੂ ਤੇਜ ਪਾਲ ਦੀ ਕਾਰ ਤੇ ਆਪਣੇ ਘਰ ਪ੍ਰਸ਼ਾਦਾ ਛਕਣ ਵਾਸਤੇ ਆਏ। ਪ੍ਰਸ਼ਾਦਾ ਤਿਆਰ ਕਰਨ ਲਈ ਕਹਿ ਕੇ ਆਪ ਬਾਬੂ ਜੀ ਨਾਲ ਹੋਰ ਕਈ ਇਕ ਵਿਚਾਰਾਂ ਕਰਦੇ ਰਹੇ। ਪ੍ਰਸ਼ਾਦਾ ਤਿਆਰ ਹੋਣ ਤੇ ਇਕ ਗਰੰਥੀ ਸਿੰਘ ਜੀ ਨੇ, ਜੋ ਉਸ ਵਕਤ ਇਤਫ਼ਾਕ ਨਾਲ ਘਰ ਆਏ ਸਨ, ਟੇਬਲ ਤੇ ਸਜਾ ਦਿਤਾ। ਹਾਲੀ ਕੁਰਸੀਆਂ ਤੇ ਬੈਠਣ ਹੀ ਲੱਗੇ ਸਨ ਕਿ ਬਾਹਰੋਂ ਹਵਾਈ ਜਹਾਜ਼ਾਂ ਦੀ ਅਵਾਜ਼ ਆਈ। ਡਾਕਟਰ ਸਾਹਿਬ ਨਿਧੜਕ ਬਾਹਰ ਆ ਕੇ ਵੇਖਣ ਲਗ ਪਏ। ਕੋਈ ਤੀਹ ਪੈਂਤੀ ਜਹਾਜ਼ ਉਪਰ ਜਾ ਰਹੇ ਸਨ। ਆਪ ਕਹਿਣ ਲੱਗੇ, ਕਿਤੇ ਅੱਗੇ ਹਮਲਾ ਕਰਨ ਜਾ ਰਹੇ ਹਨ। ਆਮ ਤੌਰ ਤੇ ਜਦ ਹਵਾਈ ਜਹਾਜ਼ ਆਉਂਦੇ ਤਾਂ ਲੋਕੀਂ ਜ਼ਮੀਨ ਦੇ ਥਲੇ ਭੋਰਿਆਂ ਵਿਚ ਜਾ ਲੁਕਦੇ। ਖ਼ਿਆਲ ਕੀਤਾ ਜਾਂਦਾ ਹੈ ਜਦ ਉਪਰ ਉਡਾਰੂਆਂ ਨੇ ਥਲੇ ਮੋਟਰ-ਕਾਰ ਦੀ ਛੱਤ ਦਾ ਲਿਸ਼ਕਾਰਾ ਪੈਂਦਾ ਦੇਖਿਆ ਤਾਂ ਸੋਚਿਆ ਕਿ ਕਿਸੇ ਮਿਲਟ੍ਰੀ ਆਫ਼ੀਸਰ ਦਾ ਘਰ ਜਾਂ ਆਫ਼ਿਸ ਹੋਵੇਗਾ। ਸੋ ਕੁਝ ਜ਼ਹਾਜ਼ਾਂ ਨੇ ਵਾਪਸ ਮੁੜ ਕੇ ਬੰਬ-ਬਾਰੀ ਸ਼ੁਰੂ ਕਰ ਦਿਤੀ। ਵੀਰ ਗੁਰਦੀਪ ਸਿੰਘ ਤੇ ਬਾਬੂ ਤੇਜਪਾਲ ਜੀ ਹਾਲੀ ਪ੍ਰਸ਼ਾਦਾ ਛਕਣ ਹੀ ਲੱਗੇ ਸਨ ਕਿ ਬੰਬ ਦਾ ਇਕ ਸਪਲਿਨਟਰ (ਟੁਕੜਾ) ਡਾਕਟਰ ਸਾਹਿਬ ਦੀ ਵੱਖੀ ਵਿਚ ਵਜਾ ਤੇ ਆਂਦਰਾਂ ਬਾਹਰ ਆ ਪਈਆਂ। ਮਸ਼ੀਨ-ਗਨ ਦੀ ਇਕ ਗੋਲੀ ਬਾਬੂ ਤੇਜਪਾਲ ਨੂੰ ਵਜੀ, ਜਦ ਕਿ ਡਾਕਟਰ ਸਾਹਿਬ ਨੇ ਕਿਹਾ, "ਬੱਲਿਆ, ਲੰਮਾ ਪੈ ਜਾ।" ਪਰ ਭਾਣਾ ਕਰਤਾਰ ਦਾ, ਵੀਰ ਗੁਰਦੀਪ ਸਿੰਘ ਜੀ ਤਾਂ ਉਚ ਉਡਾਰੀਆਂ ਆਪਣੇ ਸ਼ਹੁ-ਪ੍ਰੀਤਮ ਨੂੰ ਮਿਲਣ ਵਾਸਤੇ ਲਾ ਗਏ ਅਤੇ ਬਾਬੂ ਤੇਜਪਾਲ ਜ਼ਖ਼ਮੀ ਹਾਲਤ ਵਿਚ ਆਪਣੀ ਕਾਰ ਲੈ ਕੇ ਦਾਸ ਪਾਸ ਆਇਆ। ਸਾਰਾ ਸਮਾਚਾਰ ਕਹਿ ਸੁਣਾਇਆ। ਬਾਬੂ ਜੀ ਦਾ ਪੂਰਾ ਇਲਾਜ ਨ ਹੋਣ ਕਰਕੇ ਪੰਜਾਂ ਦਿਨਾਂ ਬਾਅਦ ਓਹ ਭੀ ਆਪਣੇ ਮਿਤਰ ਡਾਕਟਰ ਦੇ ਪਿਛੇ ਹੀ ਉਡਾਰੀਆਂ ਲਾ ਗਏ। ਜਦ ਦਾਸ ਮੌਕਮਈ ਪਹੁੰਚਾ, ਡਾਕਟਰ ਸਾਹਿਬ ਦਾ ਸਰੀਰ ਭਾਲਣ ਦੀ ਕੋਸ਼ਿਸ਼ ਕੀਤੀ, ਪਰ ਲੱਭ ਨ ਸਕਿਆ। ਸਾਰੇ ਸ਼ਹਿਰ ਵਿਚ ਬੜਾ ਹੀ ਨੁਕਸਾਨ ਹੋਇਆ। ਪਰਵਾਰਾਂ ਦੇ ਭੇਜਣ ਦਾ ਬੰਦੋਬਸਤ ਕਰ ਕੇ ਦਾਸ ਆਪਣੀ ਡੀਊਟੀ ਤੇ ਵਾਪਸ ਚਲਾ ਗਿਆ।

ਇਹ ਪ੍ਰੇਮ-ਪੱਤਰ ਇਕ ਵੰਨਗੀ ਮਾਤ੍ਰ ਹੀ ਹੈ। ਡਾਕਟਰ ਸਾਹਿਬ ਨੂੰ ਕਵਿਤਾ ਲਿਖਣ ਦਾ ਬੜਾ ਸ਼ੌਕ ਸੀ। ਇਕ ਦਿਨ ਇਹਨਾਂ ਦੇ ਮੇਜ਼ ਦੇ ਦਰਾਜ਼ ਵਿਚ ਕੁਝ ਪੱਤਰਕਾਵਾਂ ਵੇਖੀਆਂ ਜੋ ਕਿ ਬੜੇ ਆਤਮਿਕ ਤਰੰਗਾਂ ਵਿਚ ਲਿਖੀਆਂ ਹੋਈਆਂ ਸਨ। ਭਾਈ ਸਾਹਿਬ ਜੀ ਨੂੰ ਲੁਧਿਆਨੇ ਜਦ ਭੀ ਲਿਖਦੇ ਤਾਂ ਬ੍ਰਿਹੋਂ ਦੇ ਪੱਤਰ ਲਿਖਦੇ। ਦਾਸ ਨੇ ਜਦ ਕਹਿਆ ਕਿ ਇਸ ਖ਼ਜ਼ਾਨੇ ਨੂੰ ਲਿਖਤ ਵਿਚ ਲੈ ਆਉ ਤਾਂ ਹੱਸ ਪਏ। ਬਸ ਫੇਰ ਉਹ ਪੱਤਰ ਨਹੀਂ ਦੇਖੇ, ਆਪ ਨੇ ਇਕੱਠੇ ਕਰ ਕੇ ਅਗਨ-ਭੇਟ ਕਰ ਦਿਤੇ।

ਇਕ ਪ੍ਰੇਮ-ਪਤਰ (ਕਵਿਤਾ ਵਿਚ) ਜੋ ਡਾਕਟਰ ਗੁਰਦੀਪ ਸਿੰਘ ਜੀ ਵਲੋਂ ਬਾਬੂ ਜਸਵੰਤ ਸਿੰਘ ਜੀ ਨੂੰ ਹੈ, ਪਾਠਕਾਂ ਦੀ ਭੇਟਾ ਹੈ।



www.AKJ.Org

ੴ ਸਤਿਗੁਰਪ੍ਰਸਾਦਿ ।

ਦੇਹੁ ਸਜਣ ਅਸੀਸੜੀਆਂ
ਜਿਉਂ ਹੋਵੈ ਸਾਹਿਬ ਸਿਉਂ ਮੇਲੁ ।

ਪਿਆਰੇ ਪਿਆਰੇ ਵੀਰ ਗੁਰੂ ਪਿਆਰੜੇ
"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ।"
ਗੁਸਤਾਖ਼ੀ ਕਰਨੀ ਮਾਫ਼, ਗੁਰਮੁਖ ਕਾਰ ਹੈ,
ਪੱਤਰ ਸਕਿਆ ਨਾ ਘੱਲ, ਕਾਰਨ ਘਾਉਲ ਸੀ ।
ਪਰ ਲਿਖਦਾ ਪੱਤਰ ਰੋਜ਼, ਨਿੱਤ ਨਿੱਤ ਭੇਜਦਾ,
ਬਿਨਾਂ ਕਲਮ ਬਿਨ ਮਸ, ਗੱਡੀ ਡਾਕੋਂ ਬਾਹਰਾ ।
ਇਹ ਤਿੰਨ ਆਏ ਯਾਦ, ਆਲਸ ਟੁਰ ਗਈ,
ਪਰ ਲਿਖਾਂ ਕੀ ਗੱਲ ਇਹ ਨਾ ਜਾਣਦਾ ।
ਜੋ ਕੁਝ ਲਿਖਿਆ ਆਪ, ਮੈਂ ਉਸ ਥੀਂ ਅੰਜਾਣ,
ਮੈਂ ਹਾਂ ਨੀਚ, ਅਤਿ ਨੀਚ, ਸ਼ਰਮਿੰਦਾ ਬਹੁਤ ਹਾਂ ।
ਬਖਸ਼ ਹੁੰਦੀ ਖਿਨ-ਖਿਨੀ, ਮਹਿਰਮ ਰੱਬ ਦੀ,
ਭੁਲ ਭੁਲ ਜਾਂਦਾ ਮੂਲੋਂ, ਭੁਲਦਾ ਮੈਂ ਸਦਾ ।
ਯਾਦ ਕਰਾਵੈ ਆਪ, ਟੁੰਬ ਜਗਾਵੰਦਾ ।
ਮੈਂ ਅਤ ਢੀਠ ਅਕ੍ਰਿਤਘਣ, ਪੁਤਲਾ ਪਾਪ ਦਾ,
ਵਾਹ ਵਡੇ ! ਤੇਰੀ ਵਡਤਾ, ਵੱਡੀ ਅਤ ਵੱਡੀ ।
ਅਵਗੁਣ ਚਿਤਾਰੇ ਨਾਹਿ, ਪਾਪ ਨ ਤੱਕਦਾ,
ਗੁਰਮੁਖ ਭੇਜੇ ਗਾਰੜੂ, ਨਿਤ ਨਿਤ ਭੇਜਦਾ ।
ਮਰਹਮ ਕਰਨ ਉਹ ਨਿੱਤ, ਪ੍ਰੇਮ ਮਲ੍ਹਮ ਲਾਉਂਦੇ,
ਪਾਪਾਂ ਸੰਦੀ ਮੈਲ, ਧੋ ਧੋ ਸੁਟਣ ਠੀਕ ।
ਖਰਾ ਸਾਬਣ ਵਰਤਦੇ, ਬਾਣੀ ਸਿਫਤ-ਸਲਾਹ ਦਾ,
ਜ਼ਖਮਾਂ ਸੰਧੀ ਪੀੜ, ਉਹ ਮੇਟਣ ਜਾਣਦੇ ।
ਪੀੜਾ ਕਾਰਨ ਸਮਝਦੇ, "ਉਨਮਨ" ਪਿਆਰੜੇ,
ਹਰਦੇ ਪੀੜ ਤੁਰਤ, ਪੰਜ ਉਪਾਧ ਮਿਟਾਇ ਕੇ ।
'ਸੰਗਤ' ਸੱਚੀ ਨਿੱਘ, ਨਿੱਘ-ਟਕੋਰ, ਅਨੋਖੜੀ,
'ਅੰਗੂਰ' ਉਮਾਹ ਉਚਾਨ, ਜ਼ਖਮਾਂ ਭਰ ਦੇਇ ।
ਫਟੇ ਮੇਲਣ ਚੀਰ ਇਹ, ਫਟ ਜਨਮ-ਜਨਮਾਂਤਰਾਂ,
ਪੱਟੀ ਬੰਨ੍ਹਣ ਕੱਪੜਾ, ਸੱਚੀ ਸਿਫਤ-ਸਲਾਹ ਦਾ ।
ਇਉਂ, ਵਡੇ ਚੀਰ ਵਡ ਫੱਟ, ਗੁਰਮੁਖ ਮੇਲਦੇ,
ਪਰਉਪਕਾਰ ਉਮਾਹ, ਠਲ੍ਹਿਆਂ ਨ ਠਲ੍ਹੈ ।
ਮੇਹਰ ਬਰਸਾਉਂਦੇ, ਛਹਿਬਰਾਂ ਲਾਉਂਦੇ ਠੀਕ,
ਪਰ ਮੈਂ ਮੂਰਖ ਮੁੜ ਮੁੜ, ਸਮਝਾਂ ਕੁਝ ਨਾ ।
ਰੋਵਾਂ ਝੀਣੀ ਬਾਣ, ਸਮਝ ਭੇਤ ਨਾ,
ਮੁੜ ਮੁੜ ਪੁਛਾਂ ਪੁਛ, ਇਹੋ ਪੁਛਦਾ ।

ਰੰਗੂਨ
9-2-1937

"ਹਉਂ ਪਾਪੀ ਭੀ ਗਤਿ ਪਾਹਿ" ? ਗੁਰੂ ਪਿਆਰਿਓ !
"ਹਉਂ ਜੇਵਡ ਪਾਪੀ ਅਵਰ ਨ ਕੋਇ" !
ਕਈ ਵਾਰ ਧਰੂ ਕਢਿਆ, ਪਾਪ-ਸਮੁੰਦ ਚੋਂ,
ਇਸ ਵਿਚ ਕੋਈ ਸ਼ੱਕ ਨਾ, ਸੰਸਾ ਮੂਲੇ ਨਾਹਿ ।
ਪਰ ਕੀਤਾ ਨਾ ਜਾਤਾ ਮੈਂ ਹਰਾਮਖ਼ੋਰ,
"ਮੁੜ ਮੁੜ ਕਊਆ ਫਾਸੀ ਫਾਸੈ" ਫਸਦਾ ਠੀਕ ।
ਫਸਿਆ ਮੁੜ ਮੁੜ ਠੀਕ, ਠਗਿਆ ਮੈਂ ਗਿਆ,
ਕੀਤਾ ਯਾਦ ਨ ਮੀਤ, ਨਾ ਰਿਦੇ ਵਸਾਇਆ ।
ਦਿਨ ਬੀਤ ਗਏ, ਪਲ ਘੜੀਆਂ ਸਭ ਬੀਤੀਆਂ,
ਮਹੀਨੇ ਗੁਜ਼ਰੇ ਸਾਲ, ਸਮਾਂ ਬਹੁ ਲੰਘਿਆ ।
ਹੁਣ ਲੱਗਾ ਫੁਟਣ ਸੀ, ਇਹ ਘੜਾ ਅਚਾਨਕੀ,
ਦਾਤੇ ਲਿਆ ਬਚਾ, ਇਸ ਵਿਚ ਭੇਤ ਕੀ ।
ਮੈਂ ਨ ਸਕਾਂ ਸਮਝ, ਸੋਚ ਨ ਸਕਦਾ,
ਅਗੇ ਕੀਤਾ ਕੁਝ ਨ, ਹੁਣ ਨਾ ਸਕੇ ਕੁਝ ਹੋਇ ।
"ਕਰਤੇ ਹਥਿ ਵਡਿਆਈਆਂ, ਜੈ ਭਾਵੈ ਤੈ ਦੇਹ",
ਭੇਤ ਖੇਲ ਦੇ ਜਾਣਦਾ, ਰਚਨਾ ਜਿਨ ਰਚੀ ।
ਉਹਦੀਆਂ ਜਾਣੇ ਉਹ, ਉਹੀ ਜਾਣਦਾ,
ਪਰ ਕੰਨੀਂ ਗੂੰਜਾਂ ਪੈਂਦੀਆਂ, ਗੁਰਵਾਕ ਸੁਣੀਜਦਾ ।
"ਕਚੈ ਭਾਂਡੈ ਰਖੀਐ, ਕਿਚਰ ਤਾਂਈ ਨੀਰੁ"
"ਕੰਢੀ ਉਤੈ ਰੁਖੜਾ, ਕਿਚਰਕੁ ਬੰਨੈ ਧੀਰ" ।
ਦਾਤੇ ਲਿਆ ਬਚਾ, ਇਸ ਵਿਚ ਭੇਤ ਕੀ,
ਮੈਂ ਸਕਾਂ ਨਾ ਸਮਝ, ਸੋਚ ਨ ਸਕਦਾ ।
ਉਹਦੀਆਂ ਜਾਣੇ ਉਹ, ਉਹੀ ਜਾਣਦਾ,
ਮੁੜ ਮੁੜ ਪੁਛਾਂ ਪੁਛ, ਇਹੋ ਪੁਛਦਾ :
"ਹਉ ਪਾਪੀ ਭੀ ਗਤਿ ਪਾਹਿ" ?
ਹਾਂ ਜੀ, ਮੇਹਰਾਂ ਮਹਿਰਮ ਕਰਦਾ, ਅੱਕੇ ਥੱਕੇ ਨਾਹ
ਆਪਨੇ ਪਿਆਰੇ ਭੇਜ, ਉਦਮ ਕਰਾਉਂਦਾ,
ਉਹਨਾਂ ਪਾਸ ਕਦੀ, ਲੈ ਜਾਇ ਪ੍ਰੇਰ ਕੇ ।
ਇਹ ਸਤ-ਸੰਗੀ ਮੇਲ, ਹੁੰਦਾ ਨਿੱਤ ਹੈ,
ਪਰ ਮੈਂ ਪੱਥਰ ਅਭਿੱਜ, ਭਿਜਦਾ ਮੂਲ ਨਾ !
ਅਛਾ—"ਆਪੇ ਲਾਇ ਆਪਨਾ ਪਿਆਰ" !!
ਹਾਂ ਜੀ, ਬੱਸ :—"ਦੇਹੁ ਸਜਣ ਅਸੀਸੜੀਆਂ ਜਿਉਂ
ਹੋਵੈ ਸਾਹਿਬ ਸਿਉਂ ਮੇਲੁ"।
ਦੇਹੁ ! ਦੇਹੁ ਜੀ ਦੇਹੁ !! ਬਸ, ਅਸੀਸੜੀਆਂ !!!

Yours lovingly,
Gurdeep Singh Dr. (Burma)

www.AKJ.Org

# ਮਾਈ ਲੱਖੋ

[ਵਲੋਂ:—ਸ: ਵਰਿਆਮ ਸਿੰਘ ਜੀ, ਦਿਲੀ ੩੧]

ਮਾਈ ਲੱਖੋ ਦਾ ਜੀਵਨ ਉਨ੍ਹਾਂ ਮਾਤਾਵਾਂ ਭੈਣਾਂ ਵਾਂਗ ਹੀ ਹੋ ਗੁਜ਼ਰਿਆ ਹੈ ਜਿਨ੍ਹਾਂ ਨੇ ਗੁਰਮਤਿ ਦੇ ਰਸਤੇ ਚਲ ਕੇ ਆਪਣਾ ਜਨਮ ਸਫਲਾ ਕੀਤਾ ਅਤੇ ਇਸ ਸੰਸਾਰ ਤੋਂ ਲਾਹਾ ਲੈ ਕੇ ਗਈਆਂ। ਉਨ੍ਹਾਂ ਬਾਰੇ ਤਾਂ ਇਹੋ ਕਿਹਾ ਜਾ ਸਕਦਾ ਹੈ :—

> ਜਿਨ ਗੁਰਮੁਖਿ ਨਾਮੁ ਧਿਆਇਆ, ਆਏ ਤੇ ਪਰਵਾਣੁ ॥ ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥੨॥੧੪॥
>
> [ਮਹਲਾ ੩, ਪੰਨਾ ੬੪੮

ਇਹ ਭਾਗਾਂ ਵਾਲੀ ਮਾਈ ਲੱਖੋ ਮਾਤਾ ਤ੍ਰਿਪਤਾ ਜੀ ਦੀ ਭੈਣ ਸੀ। ਇਸ ਮਾਈ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਦੁਨਿਆਵੀ ਰਿਸ਼ਤੇ ਅਨੁਸਾਰ ਮਾਸੀ ਹੋਣ ਦਾ ਮਾਣ ਪ੍ਰਾਪਤ ਸੀ। ਇਸ ਮਾਈ ਦਾ ਇਕ ਪੁੱਤਰ ਰਾਮ ਥੱਮਨ ਸੀ। ਜਦੋਂ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦਾ ਵਿਆਹ ਬਟਾਲੇ ਵਿਖੇ ਹੋਇਆ ਤਾਂ ਮਾਈ ਲੱਖੋ ਤੇ ਉਸ ਦਾ ਪੁੱਤਰ ਰਾਮ ਥੱਮਨ ਵੀ ਬਰਾਤ ਦੇ ਨਾਲ ਗਏ।

ਮਾਈ ਲੱਖੋ ਦਾ ਨਾਂ ਇਤਿਹਾਸ ਵਿਚ ਸ਼ੁਰੂ ਸ਼ੁਰੂ ਵਿਚ ਉਦੋਂ ਹੀ ਆਉਂਦਾ ਹੈ, ਜਦੋਂ ਗੁਰੂ ਨਾਨਕ ਦੇਵ ਜੀ ਦਾ ਵਿਆਹ, ਸੰਨ ੧੪੮੭ ਈਸਵੀ ਨੂੰ ਮਾਤਾ ਸੁਲੱਖਣੀ ਜੀ ਨਾਲ ਬਟਾਲਾ ਵਿਖੇ ਹੋਇਆ ਸੀ। ਮਾਈ ਲੱਖੋ ਵੀ ਵਿਆਹ ਤੇ ਪੁਜੀ ਹੋਈ ਸੀ, ਭਾਵੇਂ ਉਹ ਉਦੋਂ ਗੁਰੂ ਨਾਨਕ ਦੇਵ ਜੀ ਦੀ ਨਿਰੰਕਾਰੀ ਕਲਾ ਦੀ ਮਹਾਨਤਾ ਨੂੰ ਨਹੀਂ ਸੀ ਜਾਣਦੀ। ਗੁਰੂ ਨਾਨਕ ਨਿਰੰਕਾਰੀ ਜੀ ਜਦੋਂ ਮਿਹਰ ਦੇ ਘਰ ਵਿਚ ਆਏ ਤਾਂ ਆਪ ਨੇ ਮਾਈ ਲੱਖੋ ਦੇ ਪੁੱਤਰ ਨੂੰ ਅਮਰ ਪਦਵੀ ਬਖਸ਼ ਦਿੱਤੀ। ਇਸ ਬਾਰੇ ਡਾ: ਤ੍ਰਿਲੋਚਨ ਸਿੰਘ ਜੀ ਲਿਖਦੇ ਹਨ :—

> ਗੁਰੂ ਨਾਨਕ ਦੇ ਵਿਆਹ ਉਤੇ ਮਾਤਾ ਤ੍ਰਿਪਤਾ ਦੀ ਭੈਣ ਮਾਈ ਲੱਖੋ ਵੀ ਆਈ ਹੋਈ ਸੀ। ਜਦ ਉਸ ਨੇ ਦੇਖਿਆ ਕਿ ਗੁਰੂ ਨਾਨਕ ਨੇ ਆਪਣੇ ਵਿਆਹ ਦਾ ਚੋਲਾ ਮਰਦਾਨੇ ਨੂੰ ਦੇ ਦਿੱਤਾ ਅਤੇ ਹੋਰ ਅਨੇਕਾਂ ਗਰੀਬਾਂ ਅਨਾਥਾਂ ਨੂੰ ਦਾਨ ਦਿੱਤੇ ਤਾਂ ਉਹ ਵਿਅੰਗ ਨਾਲ ਆਖਣ ਲਗੀ, "ਤ੍ਰਿਪਤਾ ਭੈਣ, ਤੇਰਾ ਪੁੱਤਰ ਤਾਂ ਅੱਧਾ ਦੀਵਾਨਾ ਮਸਤਾਨਾ ਹੈ। ਘਰ ਵਿਚ ਜੋ ਕੀਮਤੀ ਚੀਜ਼ ਹੈ ਚੁੱਕ ਚੁੱਕ ਲੋਕਾਂ ਨੂੰ ਵੰਡੀ ਜਾਂਦਾ ਹੈ। ਤੂੰ ਵੀ ਇਸ ਨੂੰ ਵਰਜਦੀ ਨਹੀਂ।" ਗੁਰੂ ਨਾਨਕ ਦੇਵ ਜੀ ਨੇ ਇਹ ਗੱਲ ਸੁਣ ਲਈ। ਉਸ ਵੇਲੇ ਮਾਈ ਲੱਖੋ ਦਾ ਪੁੱਤਰ ਥਮਨ ਵੀ ਕੋਲ ਖੜਾ ਸੀ। ਗੁਰੂ ਸਾਹਿਬ ਨੇ ਮੁਸਕਰਾ ਕੇ ਆਖਿਆ, "ਮਾਸੀ ਜੀ, ਮੈਂ ਤਾਂ ਅੱਧਾ ਦੀਵਾਨਾ ਹਾਂ, ਤੁਹਾਡਾ ਪੁੱਤਰ ਪੂਰਾ ਮਸਤਾਨਾ ਹੋਵੇਗਾ।" ਰਾਮ ਥਮਣ ਪਿਛੋਂ ਲਾਹੌਰ ਜ਼ਿਲੇ ਦਾ ਬੜਾ ਪ੍ਰਸਿੱਧ ਮਸਤਾਨਾ ਭਗਤ ਹੋ ਪ੍ਰਗਟ ਹੋਇਆ।
>
> [ਜੀਵਨ ਚਰਿਤ੍ਰ ਗੁਰੂ ਨਾਨਕ ਦੇਵ,ਪੰ: ੪੯-੫੦

ਇਸ ਸਬੰਧੀ ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ ਗੁਰੂ ਖਾਲਸਾ ਵਿਚ ਲਿਖਿਆ ਹੈ—

> ਗੁਰੂ ਜੀ ਦੀ ਮਾਸੀ ਲੱਖੋ ਨਾਮੀ ਆਪਣੀ ਭੈਣ ਨੂੰ ਮਿਲਣ ਆਈ ਤੇ ਗੁਰੂ ਜੀ ਦਾ ਹਾਲ ਵੇਖ ਕੇ ਬੋਲੀ, ਤੇਰਾ ਪੁੱਤਰ ਤਾਂ ਕਮਲਾ ਜਿਹਾ ਹੈ, ਜੋ ਕੁਝ ਘਰ ਵਿਚ ਲਭਦਾ ਹੈ ਲੋਕਾਂ ਨੂੰ ਦੇ ਦਿੰਦਾ ਹੈ। ਇਹ ਗੱਲ ਸੁਣ ਕੇ ਗੁਰੂ ਸਾਹਿਬ ਬੋਲੇ, ਮਾਸੀ ਤੇਰਾ ਪੁੱਤਰ ਮੇਰੇ ਨਾਲੋਂ ਵੀ ਕਮਲਾ ਹੋਵੇਗਾ।

ਜਦੋਂ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਦਾ ਆਰੰਭ ਕੀਤਾ ਸੀ ਅਤੇ ਭੁਲੇ ਭਟਕੇ ਜੀਵਾਂ ਨੂੰ ਸਤਿਮਾਰਗ ਤੇ ਲਾ ਰਹੇ ਸਨ ਤਾਂ ਮਾਈ ਲੱਖੋ ਜੀ ਵੀ ਗੁਰੂ ਸਾਹਿਬ ਦੇ ਚਰਨੀਂ ਲਗ ਕੇ, ਸਿੱਖ ਸਜੇ ਸਨ। ਸਿੱਖ ਸਜਣ ਤੋਂ ਬਾਅਦ ਉਨ੍ਹਾਂ ਨੂੰ ਅਜਿਹਾ 'ਨਾਮ ਖੁਮਾਰੀ ,ਰੰਗ' ਚੜ੍ਹਿਆ ਕਿ ਸਦਾ ਵੈਰਾਗੀ ਹਾਲਤ ਵਿਚ ਵਿਚਰਨ ਲਗੇ। ਰਜਨਾ, ਪ੍ਰਭੂ ਦੇ ਨਾਮ ਵਿਚ



www.AKJ.Org

ਰੰਗੀਜੀ ਰਹਿਣ ਲਗੀ। ਹੋਰ ਸੁਆਦ ਸਭ ਵਿਸਰ ਗਏ। ਉਨ੍ਹਾਂ ਨੂੰ ਹੁਣ ਪਤਾ ਲਗਾ ਕਿ ਉਹ ਗੁਰੂ ਨਾਨਕ ਪਾਤਸ਼ਾਹ ਜੋ ਵਿਆਹ ਸਮੇਂ ਦਾਨ ਪੁੰਨ ਕਰੀ ਜਾਂਦਾ ਸੀ ਅਤੇ ਜਿਸ ਨੂੰ ਦੇਖ ਕੇ ਮੈਂ ਤਰਕ ਖਾਧੀ ਸੀ, ਉਹ ਤਾਂ ਸੱਚ ਮੁੱਚ ਹੀ ਸ੍ਰਿਸ਼ਟੀ ਦਾ ਆਪ ਮਾਲਕ ਹੈ।

ਮਾਈ ਲੱਖੋ ਦੇ ਹਿਰਦੇ ਵਿਚ ਵਾਹਿਗੁਰੂ ਜੀ ਦੀ ਮਿਠੀ ਤੇ ਪਿਆਰੀ ਯਾਦ ਸਦਾ ਸਮਾਈ ਰਹਿੰਦੀ ਸੀ। ਆਪ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਦੇ ਬੇਮਿਸਾਲ ਭੌਰੇ ਸਨ। ਗੁਰੂ ਪਾਤਿਸ਼ਾਹ ਦੇ ਦਰਸ਼ਨ ਕਰ ਕੇ ਆਪ ਨੂੰ ਅਜਿਹੀ ਖੁਸ਼ੀ ਨਸੀਬ ਹੁੰਦੀ ਸੀ, ਜੋ ਕਹਿਣ ਸੁਨਣ ਤੋਂ ਬਾਹਰੀ ਹੈ। ਆਪ ਆਪਣੇ ਸਮੇਂ ਦੀ ਇਕ ਬੇਮਿਸਾਲ ਸਿੱਖ-ਵੇਤਾ ਸਨ।

ਮਾਈ ਲੱਖੋ ਉਹ ਭਾਗਾਂ ਵਾਲੀ ਮਾਈ ਸੀ ਜਿਸ ਦਾ ਪੁੱਤਰ, ਰਾਮ ਥਮਨ, ਗੁਰੂ ਨਾਨਕ ਸਾਹਿਬ ਜੀ ਦੇ ਬਚਨਾਂ ਨਾਲ ਮਹਾਨ ਸੰਤਾਂ ਵਾਲੀ ਪਦਵੀ ਤੇ ਪੁਜਾ ਸੀ। ਭਾਈ ਰਾਮ ਥਮਨ ਜੀ ਨੇ ਲਾਹੌਰ ਦੇ ਇਲਾਕੇ ਵਿਚ ਸਿੱਖੀ ਦਾ ਬਹੁਤ ਪਰਚਾਰ ਕੀਤਾ ਸੀ। ਲੋਕੀਂ, ਜਿਥੇ ਭਾਈ ਰਾਮ ਥਮਨ ਜੀ ਦਾ ਸਤਿਕਾਰ ਕਰਦੇ ਸਨ, ਉਥੇ ਉਸ ਦੀ ਮਾਤਾ ਦੀ ਭੀ ਧੰਨਤਾ ਕਰਦੇ ਸਨ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰ ਪੁਰ ਵਸਾਇਆ ਸੀ ਤਾਂ ਮਾਈ ਲੱਖੋ ਵੀ ਦਰਸ਼ਨਾਂ ਲਈ ਪੁਜੀ ਸੀ।

[ਤਵਾਰੀਖ ਗੁਰੂ ਖਾਲਸਾ—ਪੰਨਾ ੨੦੪

ਮਾਈ ਲੱਖੋ ਦੇ ਹਿਰਦੇ ਵਿਚ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨਾਂ ਲਈ ਅਥਾਹ ਤੜਪ ਬਣੀ ਰਹਿੰਦੀ ਸੀ ਅਤੇ ਜਦੋਂ ਉਨ੍ਹਾਂ ਨੇ ਪਹਿਲੀ ਉਦਾਸੀ ਤੋਂ ਪਿਛੋਂ ਕਰਤਾਰਪੁਰ ਆ ਵਸੇਬਾ ਕੀਤਾ ਤਾਂ ਇਸ ਮਾਈ ਨੇ ਵੀ ਸੋਅ ਸੁਣੀ। ਧਾਹ ਕੇ ਆ ਪੁਜੀ ਅਤੇ ਚਰਨਾਂ ਨਾਲ ਲਿਪਟ ਗਈ।

ਮਾਈ ਲੱਖੋ ਜੀ ਤੇ ਜੋ ਗੁਰੂ ਸਾਹਿਬ ਦੀਆਂ ਖੁਸ਼ੀਆਂ ਹੋਈਆਂ ਉਹ ਕਥਨ ਤੋਂ ਬਾਹਰੀਆਂ ਹਨ। ਇਹੋ ਜਿਹੇ ਵਡਭਾਗੇ ਜੀਵ ਕਦੀ ਕਦੀ ਸੰਸਾਰ ਤੇ ਆਉਂਦੇ ਹਨ ਅਤੇ ਮੁੱਖ ਉਜਲਾ ਲੈ ਕੇ ਵਾਹਿਗੁਰੂ ਦੇ ਦਰਬਾਰ ਵਿਚ ਚਲੇ ਜਾਂਦੇ ਹਨ।

---

## ਗੁਰਮੁਖ ਵੀਰ ਭਾਈ ਬਾਵਾ ਸਿੰਘ ਜੀ (ਕੁਮਾਰ ਹੱਟੀ) ਚਲਾਣਾ ਕਰ ਗਏ

ਗੁਰਮੁਖ ਵੀਰ ਭਾਈ ਬਾਵਾ ਸਿੰਘ ਜੀ ੨੧ ਮਈ ਦੀ ਰਾਤ ਨੂੰ ਚੰਡੀਗੜ੍ਹ ਵਿਖੇ ਅਕਾਲ ਚਲਾਣਾ ਕਰ ਗਏ। ਆਪ ਜੀ ਨੇ ਮਾਨਯਵਰ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟ ਕਈ ਸਾਲ ਗੁਜ਼ਾਰੇ ਅਤੇ ਅਥੱਕ ਸੇਵਾ ਕੀਤੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਉਪਰੰਤ ਉਨ੍ਹਾਂ ਦੇ ਤਪ-ਸਥਾਨ ਕੁਮਾਰ ਹੱਟੀ ਦੀ ਭਾਈ ਬਾਵਾ ਸਿੰਘ ਜੀ ਨੇ ਉਮਰ ਪਰਯੰਤ ਤਨ ਮਨ ਅਤੇ ਧਨ ਕਰ ਕੇ ਸੇਵਾ ਤੇ ਸਾਂਭ ਸੰਭਾਲ ਕੀਤੀ ਹੈ।ਸੇਵਕ ਨੇ ਸੋਹਣਾ ਗੁਰਮੁਖੀ ਤਪ-ਤਿਆਗ ਵਾਲਾ ਜੀਵਨ ਜੀਉ ਕੇ ਆਪਣੀ ਸੇਵਾ ਤੋੜ ਤਕ ਨਿਭਾ ਦਿਤੀ ਹੈ।

ਵਿਛੜੀ ਰੂਹ ਦੀ ਸਹਾਇਤਾ ਲਈ ੮੩-ਅਜੀਤ ਨਗਰ ਅੰਮ੍ਰਿਤਸਰ ਵਿਖੇ ੨੬ ਮਈ ੧੯੭੬ ਨੂੰ ਸ੍ਰੀ ਅਖੰਡ ਪਾਠ ਰਖ ਕੇ ੨੮ ਮਈ ਨੂੰ ਭੋਗ ਪਾਏ ਗਏ। ਅਰਦਾਸ ਵਿਚ ਸ਼ਾਮਲ ਹੋਣ ਲਈ ਜਲੰਧਰ, ਲੁਧਿਆਣਾ ਅਤੇ ਹੋਰ ਥਾਵਾਂ ਤੋਂ ਗੁਰਮੁਖ ਵੀਰ ਉਚੇਚੇ ਤੌਰ ਤੇ ਪੁਜੇ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

---

## ਗਵਾਲੀਅਰ ਵਿਖੇ ਕੀਰਤਨ ਰੈਣ ਸਬਾਈ

ਅਖੰਡ ਕੀਰਤਨੀ ਜੱਥਾ ਗਵਾਲੀਅਰ ਵਲੋਂ ਕਈ ਸਾਲਾਂ ਤੋਂ ਹਰ ਹਫਤੇ ਰੈਣ ਸਬਾਈ ਕੀਰਤਨ ਹੋ ਰਹੇ ਹਨ ਅਤੇ ਸਾਲ ਪਿਛੋਂ ਇਕ ਵਡਾ ਸਮਾਗਮ ਹੁੰਦਾ ਹੈ। ਐਤਕੀਂ ੨੨ ਤੋਂ ੨੬ ਮਈ ੧੯੭੬ ਤਕ ਪੰਜ ਦਿਨ ਦੀਵਾਨ ਸਜਣਗੇ, ਜਿਸ ਵਿਚ ਗੁਣੀ ਗਿਆਨੀ ਅਤੇ ਰਾਗੀ ਜੱਥੇ ਹਿੱਸਾ ਲੈ ਰਹੇ ਹਨ। ੨੨ ਮਈ ਸ਼ਨੀਵਾਰ ਦੀ ਰਾਤ ਨੂੰ ਗੁਰਦੁਆਰਾ ਫੂਲ ਬਾਗ ਗਵਾਲੀਅਰ ਵਿਚ ਰੈਣ-ਸਬਾਈ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।



www.AKJ.Org

# ਅੰਮ੍ਰਿਤਸਰ ਅਖੰਡ ਕੀਰਤਨੀ ਜੱਥੇ ਵਲੋਂ ਹਫ਼ਤੇਵਾਰ ਕੀਰਤਨ-ਪ੍ਰੋਗਰਾਮ

੨ ਮਈ ਐਤਵਾਰ ਸਵੇਰੇ ੪ ਤੋਂ ੯ ਨਿਤਨੇਮ ਤੇ ਕੀਰਤਨ — ੮੩-੮੪ ਅਜੀਤ ਨਗਰ ਵਿਚ
ਸ਼ਾਮ ੬ ਤੋਂ ੯ ਕੀਰਤਨ ਦੇ ਸੋਹਿਲਾ — ਗੁਰਦਵਾਰਾ ਪਿਪਲੀ ਸਾਹਿਬ, ਪੁਤਲੀਘਰ

੯ ਮਈ ਐਤਵਾਰ ਸਵੇਰੇ ੬ ਤੋਂ ੧੦ ਅਖੰਡ ਕੀਰਤਨ ਭਾ: ਕੰਵਰ ਸਿੰਘ ਜੀ, ਰਣਜੀਤ ਐਵੇਨਿਊ (ਅਜੀਤ ਨਗਰ)
ਸ਼ਾਮ ੫॥ ਤੋਂ ੮ ਕੀਰਤਨ ਤੇ ਸੋਦਰ ਡਾ: ਮਹਿੰਦਰ ਸਿੰਘ ਜੀ ਡੈਂਟਿਸਟ, ਮੋਹਨ ਨਗਰ, ਸੁਲਤਾਨਵਿੰਡ ਰੋਡ

੧੬ ਮਈ ਐਤਵਾਰ ਸਵੇਰੇ ੧੦ ਵਜੇ ਤਕ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਭਾਈ ਬਹਾਦਰ ਸਿੰਘ ਜੀ *S.D.O.* ਦੀ ਯਾਦ ਵਿਚ, ੮੯ ਅਜੀਤ ਨਗਰ

੨੩ ਮਈ ਐਤਵਾਰ ਸਵੇਰੇ ੬ ਤੋਂ ੧੦ ਅਖੰਡ ਕੀਰਤਨ ਭਾਈ ਅਵਤਾਰ ਸਿੰਘ ਜੀ ਰੰਗਵਾਲੇ, ਕੂਚਾ ਕਰਮ ਸਿੰਘ, ਚੌਂਕ ਕਰੋੜੀ

੩੦ ਮਈ ਐਤਵਾਰ ਸਵੇਰੇ ੧੦ ਵਜੇ ਤਕ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਗਿ: ਭਗਵਾਨ ਸਿੰਘ ਜੀ, ਗੁਰੂ ਨਾਨਕ ਪੁਰਾ, ਨੇੜੇ ਇਸਲਾਮਾਬਾਦ ਪੰਜਾਬ ਸਿੰਧ ਬੈਂਕ

---

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਕੈਪਟਨ ਅਵਤਾਰ ਸਿੰਘ ਜੀ ਅੰਮ੍ਰਿਤਸਰ ਵਲੋਂ | ੨੦-੦੦ |
| ਸ: ਜਸਬੀਰ ਸਿੰਘ ਜੀ ਕੋਹਲੀ ਕਾਨਪੁਰ ਵਲੋਂ | ੫-੦੦ |
| ਭਾਈ ਰਾਮ ਸਿੰਘ ਜੀ, ਰਾਣੀ ਕਾ ਬਾਗ ਅੰਮ੍ਰਿਤਸਰ ਵਲੋਂ ਉਨ੍ਹਾਂ ਦੇ ਸਪੁਤਰ ਡਾ: ਸੰਤ ਪ੍ਰਕਾਸ਼ ਸਿੰਘ ਜੀ ਦੇ ਮੰਗਣੇ ਸਮੇਂ | ੧੦੧-੦੦ |
| ਭਾਈ ਮਨਜ਼ਾ ਸਿੰਘ ਜੀ ਭੋਗਲ ਨਵਾਂ ਸ਼ਹਿਰ ਦੁਆਬਾ ਵਲੋਂ ਭੁਜੰਗੀ ਓਅੰਕਾਰ ਸਿੰਘ ਦੇ ਜਨਮ ਦੀ ਖੁਸ਼ੀ ਵਿਚ | ੫੦-੦੦ |
| ਸ: ਸੁਰਿੰਦਰ ਸਿੰਘ ਜੀ ਅਲੀਸ਼ੇਰ ਦੇ ਭੁਜੰਗੀ ਅੰਮ੍ਰਿਤਪਾਲ ਸਿੰਘ ਜੀ ਵਲੋਂ | ੧੦-੦੦ |
| ਮਾਨਯਵਰ ਬਾਬੂ ਮਲ ਸਿੰਘ ਜੀ ਤਰਨਤਾਰਨ ਵਲੋਂ ਆਪਣੇ ਪੋਤਰੇ ਕੈਪਟਨ ਰਾਜਿੰਦਰ ਸਿੰਘ ਸਪੁਤਰ ਕਰਨਲ ਕੁਲਵੰਤ ਸਿੰਘ ਜੀ ਦੇ ਮੰਗਣੇ ਸਮੇਂ | ੨੧-੦੦ |
| ਸ੍ਰੀਮਤੀ ਬੀਬੀ ਰਿਪਦਮਨ ਕੌਰ ਔਲਖ ਚੰਡੀਗੜ੍ਹ ਵਲੋਂ ਆਪਣੇ ਪਤੀ ਸ: ਜਗਤ ਸਿੰਘ ਜੀ ਦੇ ਅਕਾਲ ਚਲਾਣੇ ਨਮਿਤ | ੨੧-੦੦ |

ਸਤਿਗੁਰੂ ਦਾਤਾਰ ਪਿਤਾ ਸਭਸ ਨੂੰ ਨਾਮਦਾਨ ਤੇ ਚੜ੍ਹਦੀਆਂ ਕਲਾਂ ਬਖਸ਼ਣ

---

## ਅਖੰਡ ਕੀਰਤਨ ਜਥਾ ਯੂ. ਕੇ. ਗ੍ਰੇਵਜ਼ੈਂਡ ਵਲੋਂ ਵਖ ਵਖ ਸਹਾਇਤਾ

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟਰੱਸਟ ਸ਼ਾਹਪੁਰ ਅੰਬਾਲਾ ਨੂੰ | ੧੦੨੦-੩੦ |
| ਪਿੰਗਲਵਾੜਾ ਸ੍ਰੀ ਅੰਮ੍ਰਿਤਸਰ ਨੂੰ | ੧੨੩੫-੧੦ |
| ਭਾਈ ਸਾਹਿਬ ਰਣਧੀਰ ਸਿੰਘ ਪੁਸਤਕ ਫੰਡ ਲੁਧਿਆਣਾ ਨੂੰ | ੯੧੨-੯੦ |
| 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ | ੭-੩੮ |
| ਇੰਗਲੈਂਡ ਵਾਸੀ ਵੀਰਾਂ ਦੇ 'ਸੂਰਾ' ਮਾਸਕ ਪੱਤਰ ਦੇ ਚੰਦੇ | ੧੦੩੫-੦੦ |
| ਸਤਿਗੁਰੂ ਮਾਇਆ ਸਫਲੀ ਕਰਨ । ਜੋੜ | ੪੨੧੦-੬੮ |

---

## ਚੰਡੀਗੜ੍ਹ ੧੯ ਸੈਕਟਰ ਵਿਚ ਰੈਣ-ਸਬਾਈ ਕੀਰਤਨ

ਗੁਰਦਵਾਰਾ ਸਾਹਿਬ ੧੯-ਡੀ ਸੈਕਟਰ ਵਿਖੇ ੮ ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਭਾਈ ਮਹਿੰਦਰ ਸਿੰਘ ਜੀ ਐਸ.ਡੀ.ਓ. ਅਤੇ ਹੋਰ ਸ਼ਹਿਰਾਂ ਤੋਂ ਕੀਰਤਨੀਏ ਪੁਜ ਰਹੇ ਹਨ । ਸਰਬੱਤ ਸਿੰਘਾਂ ਨੂੰ ਦਰਸ਼ਨ ਦੇਣ ਅਤੇ ਕੀਰਤਨ ਭੁੰਚਣ ਲਈ ਬੇਨਤੀ ਹੈ ਜੀ । ਦਾਸ–ਸਤਿਨਾਮ ਸਿੰਘ, *Pb. Sind Bank*

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਹੇਠ ਲਿਖੀਆਂ ਸੌ ਸੌ ਰੁਪਏ ਦੀਆਂ ਐਫ. ਡੀਆਂ ਬਣਵਾ ਦਿਤੀਆਂ ਗਈਆਂ ਹਨ :—

| | | | |
|---|---|---|---|
| 94. ਮੇਜਰ ਜਸਵੰਤ ਸਿੰਘ ਜੀ | (ਚਿਟ ਨੰ: 1609) | 204187-669-76 | ਮਿਤੀ 26-4-76 |
| 95. ਸ: ਹਰਕੇਵਲ ਸਿੰਘ ਜੀ | ( ,, ,, 372) | 204188-670-76 | ,, |
| 96. ਸ: ਦਰਸ਼ਨ ਸਿੰਘ ਜੀ ਸੇਠੀ | ( ,, ,, 1793) | 204189-671-76 | ,, |
| 97. ਸ: ਦਯਾ ਸਿੰਘ ਜੀ ਬੀਰ | ( ,, ,, 1696) | 204190-672-76 | ,, |
| 98. ਸ: ਹਰਚਰਨ ਸਿੰਘ ਜੀ | ( ,, ,, 1844) | 204191-673-76 | ,, |
| 99. *Hav.* ਗਿਰਧਾਰਾ ਸਿੰਘ ਜੀ | ( ,, ,, 1 ) | 204192 674-76 | ,, |
| 100. ਸ: ਦਿਲਬਾਗ ਸਿੰਘ ਜੀ | ( ,, ,, 52) | 204193-675-76 | ,, |
| 101. ਸ: ਚਰਨ ਸਿੰਘ ਜੀ ਭੋਗਲ | ( ,, ,, 150) | 204194-676-76 | ,, |
| 102. ਨੈਕ ਨਿਰਮਲ ਸਿੰਘ ਜੀ ਸੈਨੀ | ( ,, ,, 813) | 2C4195-677-76 | ,, |
| 103. ਡਾਕਟਰ ਅਮਰ ਸਿੰਘ ਜੀ | ( ,, ,, 745) | 204200-682-76 | ਮਿਤੀ 27-4-76 |

---

## ਰਿਸ਼ਤੇ ਨਾਤੇ—

ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪੱਤਰ ਅੰਮ੍ਰਿਤਸਰ ਨੂੰ ਲਿਖਣ ਅਤੇ ਐਡਰੇਸ ਦੇ ਉਪਰ ਫ਼ਾਰਮ ਨੰਬਰ ਜ਼ਰੂਰ ਲਿਖਣ।

**ਫ਼ਾਰਮ ਨੰ: ੩੭**—ਇਕ ਅੰਮ੍ਰਿਤਧਾਰੀ ਸਿੰਘ ਉਮਰ ੨੫ ਸਾਲ, ਵਿਦਿਆ ਪੰਜਵੀਂ ਜਮਾਤ, ਕੱਦ ੫-੫, ਦੁਕਾਨਦਾਰ, ਮਾਸਕ ਆਮਦਨ ੩੦੦/-ਰੁਪਏ ਲਈ ਗੁਰਸਿਖ ਬੀਬੀ ਦੀ ਲੋੜ ਹੈ।

**ਫ਼ਾਰਮ ਨੰ: ੩੮**—ਇਕ ਅੰਮ੍ਰਿਤਧਾਰੀ *B.Sc./B.Ed*, ੨੫ ਸਾਲਾ ਸਿੰਘ ਕਦ ੫-੫, ਮਾਸਕ ਆਮਦਨ ੫੫੦ ਰੁਪਏ ਗੌਰਮਿੰਟ ਟੀਚਰ, ਪੰਜ ਬਾਣੀ ਨਿਤਨੇਮੀ ਲਈ ਅੰਮ੍ਰਿਤਧਾਰੀ ਸਰਵਿਸ ਕਰਦੀ ਬੀਬੀ ਦੀ ਲੋੜ ਹੈ।

**ਫ਼ਾਰਮ ਨੰ: ੩੯**—ਇਕ ਅੰਮ੍ਰਿਤਧਾਰੀ ਬੀਬੀ ਬੀ. ਏ. ਹੈਲਥ ਵਿਜ਼ਿਟਰ,ਮਾਸਕ ਤਨਖ਼ਾਹ ੫੧੩) ਕਦ ੪-੧੧, ਉਮਰ ੨੬ ਸਾਲ ਲਈ ਡਾਕਟਰ, ਐਂਜੀਨੀਅਰ, ਲੈਕਚਰਰ ਜਾਂ ਬੈਂਕ ਸਰਵਿਸ ਵਾਲੇ ਵਰ ਦੀ ਲੋੜ ਹੈ।

**ਫ਼ਾਰਮ ਨੰ: ੪੦**—ਇਕ ਅੰਮ੍ਰਿਤਧਾਰੀ ਬੀਬੀ ਉਮਰ ੨੨ ਸਾਲ, ਵਿਦਿਆ ਬੀ. ਏ. ਲੇਡੀ ਹੈਲਥ ਵਿਜ਼ਿਟਰ, ਮਾਸਕ ਤਨਖਾਹ ੪੯੫) ਕਦ ੫-੨ ਲਈ ਫ਼ਾਰਮ ਨੰ: ੩੯ ਅਨੁਸਾਰ ਵਰ ਦੀ ਲੋੜ ਹੈ।

**ਫ਼ਾਰਮ ਨੰ: ੪੧**—ਇਕ ੪੩ ਸਾਲਾ ਦੁਹਾਜੂ ਡਾਕਟਰ ਸਿੰਘ (ਤਿੰਨ ਜੁਆਨ ਬੱਚੇ) ਪ੍ਰਾਈਵੇਟ ਪ੍ਰੈਕਟਿਸ ਲਈ ਘਟ ਤੋਂ ਘਟ ਮੈਟ੍ਰਿਕ ਪਾਸ ਘਰ ਸੰਭਾਲਣ ਵਾਲੀ ਦੁਹਾਜੂ ਜਾਂ ਯੋਗ ਉਮਰ ਬੀਬੀ ਦੀ ਲੋੜ ਹੈ।

**ਫ਼ਾਰਮ ਨੰ: ੪੨**—ਇਕ ੨੬ ਸਾਲਾ *M.Sc.* ਬੈਂਕ ਆਫ਼ੀਸਰ, ਤਿਆਰ ਬਰ ਤਿਆਰ ਨਿਤਨੇਮੀ ਸਿੰਘ ਮਾਸਕ ਆਮਦਨ ੧੧੦੦ ਰੁਪਏ, ਕਦ ੫-੭ ਲਈ ਕੇਸਕੀ ਸਹਿਤ ਘਟ ਤੋਂ ਘਟ ਬੀ. ਏ. ਪਾਸ ਬੀਬੀ ਦੀ ਲੋੜ ਹੈ।

**ਫ਼ਾਰਮ ਨੰ: ੪੩**—ਇਕ ੨੩ ਸਾਲਾ ਅੰਮ੍ਰਿਤਧਾਰੀ ਨਿਤਨੇਮੀ ਸਿੰਘ, *M.Sc. Agr.* ਦਾ ਵਿਦਿਆਰਥੀ ਕਦ ੫-੭ ਲਈ ਤਿਆਰ ਬਰ ਤਿਆਰ ਬੀਬੀ ਬੀ. ਏ. ਜਾਂ ਟੀਚਰੈਸ ਦੀ ਲੋੜ ਹੈ।

**ਫ਼ਾਰਮ ਨੰ: ੪੪**—ਇਕ ੨੨ ਸਾਲਾ *B.Sc. Agri (Hons.)* ਕੀਰਤਨੀ ਨੌਜਵਾਨ ਕਦ ੫-[illegible], ਮਾਸਕ ਆਮਦਨ ਅੰਮ੍ਰਿਤ ਛਕਣ ਨੂੰ ਤਿਆਰ, ਲਈ *B.A. B.Ed.* ਪੰਜ ਕਕਾਰੀ ਰਹਿਤਵਾਨ ਕੀਰਤਨੀ ਬੀਬੀ ਦੀ ਲੋੜ ਹੈ।

---

## ਡਾਲੋ ਮਾਜਰਾ (ਰਾਜਪੁਰਾ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸਦਾ ਵਾਂਗ ਸਾਲਾਨਾ ਪ੍ਰੋਗਰਾਮ ੨੦ ਮਈ ਨੂੰ ਸ੍ਰੀ ਅਖੰਡਪਾਠ ਰਖ ਕੇ ੨੨ ਮਈ ਸ਼ਨੀਵਾਰ ਨੂੰ ਭੋਗ ਪੈਣਗੇ। ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਡਾਲੋ ਮਾਜਰਾ ਜੀ. ਟੀ. ਰੋਡ ਤੇ ਸਰਹੰਦ ਤੋਂ ਸਤ ਅਤੇ ਰਾਜਪੁਰਾ ਤੋਂ ੯ ਮੀਲ ਹੈ।

www.AKJ.Org

# ਹੁਸ਼ਿਆਰਪੁਰ ਵਿਖੇ ਸ਼ਹੀਦੀ ਗੁਰਪੁਰਬ ਸਮਾਗਮ

## ੨੯ ਮਈ ਸ਼ਨੀਵਾਰ ਸ਼ਾਮ ਤੋਂ ੩ ਜੂਨ ਵੀਰਵਾਰ ਸਵੇਰ ਤਕ ਕੀਰਤਨ, ਅਖੰਡਪਾਠ ਤੇ ਅੰਮ੍ਰਿਤ-ਸਿੰਚਾਰ

ਅਕਾਲ ਪੁਰਖ ਦੀ ਅਪਾਰ ਕਿਰਪਾ ਦੁਆਰਾ ਹੁਸ਼ਿਆਰਪੁਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਸਾਲਾਨਾ ਸਮਾਗਮ ਹੋ ਰਹੇ ਹਨ, ਜਿਸ ਵਿਚ ਭਾਰਤ ਭਰ ਵਿਚੋਂ ਅਖੰਡ ਕੀਰਤਨੀ ਜੱਥੇ ਦੀਦਾਰ ਬਖ਼ਸ਼ ਕੇ ਰਸ-ਭਿੰਨੜੇ ਕੀਰਤਨ ਦੁਆਰਾ ਨਿਹਾਲ ਕਰਨਗੇ । ਸਮੂਹ ਸੰਗਤਾਂ ਪਾਸ ਬਿਨੈ ਹੈ ਕਿ ਸਹਿਤ ਪਰਵਾਰਾਂ ਤੇ ਸਤਸੰਗੀਆਂ ਦੇ, ਹੁਮ ਹੁਮਾ ਕੇ ਦਰਸ਼ਨ-ਦੀਦਾਰੇ ਬਖ਼ਸ਼ੋ ਅਤੇ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ । ਪ੍ਰੋਗਰਾਮ ਇਉਂ ਹੈ—

| | | |
|---|---|---|
| ੨੯ ਮਈ ਸ਼ਾਮ ੮ ਤੋਂ ੧੦ | ਅਖੰਡ ਕੀਰਤਨ | ਗੁ: ਕਲਗੀਧਰ ਚਰਨ ਪਾਵਨ, ਮਾਡਲ ਟਾਊਨ |
| ੩੦ ਮਈ ਸਵੇਰੇ ੬ ਤੋਂ ੧੧ | ਅਖਡ ਕੀਰਤਨ | ਗੁ: ਭਾਈ ਜੋਗਾ ਸਿੰਘ ਜੀ, ਮਹੱਲਾ ਸ਼ੇਖਾਂ |
| ਸ਼ਾਮ ੪ ਤੋਂ ੬ | ਸੁਖਮਨੀ ਸਾਹਿਬ ਉਪਰੰਤ ਅਖੰਡ ਕੀਰਤਨ | ,, ,, |
| ੭॥ ਤੋਂ ੧੦ | ਸੋਦਰ ਦੀ ਚੌਕੀ | ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ |
| ੩੧ ਮਈ ਸਵੇਰੇ ੫ ਤੋਂ ੭॥ | ਅਖੰਡ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ | ਗੁ: ਕਲਗੀਧਰ, ਮਾਡਲ ਟਾਊਨ |
| ਸ਼ਾਮ ੭॥ ਤੋਂ ੧੦ | ਸੋਦਰ ਦੀ ਚੌਕੀ | ਗੁਰਦਵਾਰਾ ਮਿੱਠਾ ਟਿਵਾਣਾ, ਮਾਡਲ ਟਾਊਨ |
| ੧ ਜੂਨ ਸਵੇਰੇ ੬ ਤੋਂ ੧੧ | ਅਖੰਡ ਕੀਰਤਨ | ਗੁ: ਕਲਗੀਧਰ ਚਰਨ ਪਾਵਨ, ਮਾਡਲ ਟਾਓਨ |
| ਸ਼ਾਮ ੭॥ ਤੋਂ ੧੦ | ਸੋਦਰ ਦੀ ਚੌਕੀ | ਗੋਕਲ ਨਗਰ, ਜਲੰਧਰ ਰੋਡ, ਹੁਸ਼ਿਆਰਪੁਰ |
| ੨ ਜੂਨ ਸਵੇਰੇ ੫ ਤੋਂ ੧ ਦੁਪਹਿਰ | ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ | ਗੁ: ਕਲਗੀਧਰ ਚਰਨ ਪਾਵਨ |

**ਅੰਮ੍ਰਿਤ-ਸਿੰਚਾਰ**—੨ ਜੂਨ ਸ਼ਾਮ ੪ ਵਜੇ ਅਰੰਭ ।

**ਰੈਣ-ਸਬਾਈ ਕੀਰਤਨ**—੨ ਜੂਨ ਸ਼ਾਮ ੮ ਵਜੇ ਅਰੰਭ, ੩ ਜੂਨ ਸਵੇਰੇ ੭ ਵਜੇ ਸਮਾਪਤੀ, ਗੁ: ਕਲਗੀਧਰ ਵਿਖੇ

ਨੋਟ:—੧. ਰਿਹਾਇਸ਼ ਆਦਿ ਦਾ ਪਰਬੰਧ ਵਖ ਵਖ ਕੋਠੀਆਂ ਵਿਚ ਕੀਤਾ ਜਾਵੇਗਾ ।

੨. ਗੁਰੂ ਕਾ ਲੰਗਰ ਗੁ: ਕਲਗੀਧਰ ਚਰਨ ਪਾਵਨ ਮਾਡਲ ਟਾਊਨ ਵਿਖੇ ਹੋਵੇਗਾ, ਜੋ ਬਸ-ਅਡੇ ਦੇ ਨੇੜੇ ਹੈ ।

ਪੁਛ ਗਿਛ—ਭਾਈ ਲਖਦੇਵ ਸਿੰਘ
ਗੌਰਮਿੰਟ ਪੋਲੀਟੈਕਨਿਕ, ਹੁਸ਼ਿਆਰਪੁਰ

ਦਾਸਰੇ—ਅਖੰਡ ਕੀਰਤਨੀ ਜੱਥਾ
ਹੁਸ਼ਿਆਰਪੁਰ

# ਬਰੇਲੀ (ਯੂ. ਪੀ.) ਵਿਖੇ ਅਖੰਡ ਕੀਰਤਨ ਦੇ ਅਦੁਤੀ ਸਮਾਗਮ

ਸਮੂਹ ਗੁਰੂ ਪਿਆਰਿਆਂ ਦੀ ਸੇਵਾ ਵਿਖੇ ਸਨਿਮਰ ਜੋਦੜੀ ਹੈ ਕਿ ਸਤਿਗੁਰੂ ਜੀ ਦੀ ਅਪਾਰ ਕਿਰਪਾ ਦੁਆਰਾ ਬਰੇਲੀ ਵਿਖੇ ੨੭, ੨੮, ੨੯, ੩੦ ਮਈ ੧੯੭੬ ਦਿਨ ਵੀਰ, ਸ਼ੁਕਰ, ਸ਼ਨੀ ਤੇ ਐਤ ਨੂੰ ਮਹਾਨ ਅਖੰਡ ਕੀਰਤਨ ਸਮਾਗਮ ਸੱਜ ਰਹੇ ਹਨ । ਕਿਰਪਾਲੂ ਵੀਰਾਂ ਭੈਣਾਂ ਦੀ ਸੇਵਾ ਵਿਚ ਬਿਨੈ ਹੈ ਕਿ ਪਰਵਾਰਾਂ ਤੇ ਸਤਸੰਗੀਆਂ ਸਮੇਤ ਆਇ ਦੀਦਾਰ ਬਖ਼ਸ਼ੋ ਜੀ ਅਤੇ ਕੀਰਤਨ-ਧੁਨੀਆਂ ਦੀਆਂ ਗੂੰਜਾਂ ਗੁੰਜਾ ਕੇ ਗੁਰੂ ਚਰਨਾਂ ਨਾਲ ਜੋੜੋ ਜੀ । ਪ੍ਰੋਗਰਾਮ ਇਉਂ ਹੈ ਜੀ:—

| | | |
|---|---|---|
| ੨੭ ਮਈ ਸਵੇਰੇ ੫ ਤੋਂ ੧੦ | ਭੋਗ ਸ੍ਰੀ ਅਖੰਡਪਾਠ ਉਪਰੰਤ ਅਖੰਡ ਕੀਰਤਨ | ੧੭-ਏ, ਮਾਡਲ ਟਾਊਨ ਵਿਖੇ |
| ਰਾਤ ੭ ਤੋਂ ੯ | ਅਖੰਡ ਕੀਰਤਨ | ਗੁਰਦਵਾਰਾ ਗੋਬਿੰਦ ਨਗਰ (ਮਾਡਲ ਟਾਊਨ) |
| ੨੮ ਮਈ ਸਵੇਰੇ ੫ ਤੋਂ ੧੧ | ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁ: ਗੁਰੂ ਨਾਨਕ ਦਰਬਾਰ, ਗਲੀ ਪਤਾਸੇ ਵਾਲੀ |
| ਰਾਤ ੭ ਤੋਂ ੯ | ਅਖੰਡ ਕੀਰਤਨ | ਗੁ: ਗੁਰੂ ਨਾਨਕ ਸਤਿਸੰਗ, ਗੁਰੂ ਨਾਨਕਪੁਰਾ, ਕੁਹਾੜਾ ਪੀਰ |
| ੨੯ ਮਈ ਸਵੇਰੇ ੫ ਤੋਂ ੧੧ | ਆਸਾ ਦੀ ਵਾਰ ਤੇ ਅਖੰਡ ਕੀਰਤਨ | ਸ੍ਰੀ ਗੁਰੂ ਸਿੰਘ ਸਭਾ, ਸੁਭਾਸ਼ ਨਗਰ (ਲਾਈਨ ਪਾਰ) |
| ਦੁਪਹਿਰ ੨ ਵਜੇ | ਅੰਮ੍ਰਿਤ-ਸਿੰਚਾਰ ਸਮਾਗਮ | ਗੁਰਦਵਾਰਾ ਗੋਬਿੰਦ ਨਗਰ |
| ਰਾਤ ੮ ਵਜੇ | ਕੀਰਤਨ ਰੈਣ ਸਬਾਈ ਅਰੰਭ | ਗੁਰਦਵਾਰਾ ਗੋਬਿੰਦ ਨਗਰ, ਮਾਡਲ ਟਾਊਨ |

੩੦ ਮਈ ਸਵੇਰੇ ਰੈਣ ਸਬਾਈ ਕੀਰਤਨ ਦੀ ਸਮਾਪਤੀ ਉਪਰੰਤ ਸੰਗਤਾਂ **ਗੁਰਦਵਾਰਾ ਰੀਠਾ ਸਾਹਿਬ ਦੀ ਯਾਤਰਾ** ਲਈ ਚਾਲੇ ਪਾਉਣਗੀਆਂ ।

ਨੋਟ:—ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਸ੍ਰੀ ਗੁਰੂ ਗੋਬਿੰਦ ਸਿੰਘ ਇੰਟਰ ਕਾਲਜ, ਮਾਡਲ ਟਾਊਨ (ਗੋਬਿੰਦ ਨਗਰ) ਵਿਖੇ ਹੋਵੇਗਾ ।

ਪੁਛ ਗਿਛ—ਗੁਰਚਰਨ ਸਿੰਘ, ਸੈਂਟਰਲ ਪ੍ਰਿੰਟਿੰਗ ਪ੍ਰੈਸ, ੨੫ ਸੁਭਾਸ਼ ਮਾਰਕੀਟ, ਬਰੇਲੀ. ਫ਼ੋਨ 6777

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ, ਬਰੇਲੀ (ਯੂ ਪੀ.)

www.AKJ.Org